# ਕੈਨੇਡਾ ਦਰਪਣ

ਜਨਵਰੀ 1, 1983

**January 1, 1983**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

25¢ Out Of Greater Vancouver 40¢

# ਕੈਨੇਡਾ ਦਰਪਣ

ADDRESS:
P.O. BOX 67344 STN. 'O'
VANCOUVER, B.C. V5W 3T1
CANADA

Publisher: ASIA BOOK COMPANY LTD.
Vol. 1, No. 5 January 1,1983
PHONE: 324-6111

THE CANADA DARPAN
PUNJABI FORTNIGHTLY
Hon.Editor DARSHAN GILL

## ਅੰਦਰ ਪੜ੍ਹੋ —

ਵਿਦੇਸ਼ੀ ਭਾਰਤੀਆਂ ਦੀਆਂ ਜ਼ਮੀਨਾਂ ਬਾਰੇ ਨੋਟਿਸ ਮਨਸੂਖ ਕਰੋ

ਦਲ ਖਾਲਸਾ ਦੇ ਵਰਕਰਾਂ ਬਾਰੇ ਕੌਮਾਂਤਰੀ ਪੁਲਸ ਚੌਕਸ

ਗਾਥਾ ਜਲਮੁਰਾਰੀ ਦੇ ਡੁੱਬਣ ਦੀ

ਸਿਵਲ ਨਾਫ਼ੁਰਮਾਨੀ ਦਾ ਮੋਢੀ ਤਿਲਕ ਸੀ ਨਾ ਕਿ ਮਹਾਤਮਾ ਗਾਂਧੀ

ਅਕਾਲੀ ਦਲ ਦੇ ਵਿਧਾਨ 'ਚ ਵੱਖਵਾਦ ਲਈ ਕੋਈ ਥਾਂ ਨਹੀਂ —

### ਵਿਸ਼ੇਸ਼ ਫੀਚਰ

ਖਬਰਦਾਰ : ਜਾਅਲੀ ਫਿਲਮਸਾਜ਼ਾਂ ਤੋਂ

ਫਿਲਮ : ਆਸਰਾ ਪਿਆਰ ਦਾ

ਵਿਅੰਗ : ਮੁਲਾਕਾਤ ਇਕ ਦਲ ਬਦਲੂ ਨਾਲ

ਪਾਕਿਸਤਾਨ 'ਚ ਦੋ ਨਵੇਂ ਅਜੂਬੇ

ਤੁਹਾਡੀ ਜਾਣਕਾਰੀ ਲਈ

ਸਿੰਘ ਸਾਹਿਬ ਦੀ ਸ਼ਹਾਦਤ ਨਾਵਲ

ਸ੍ਰ: ਸੋਭਾ ਸਿੰਘ ਦੀ ਚਿੱਤਰਕਲਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਦਿਵਸ ਦੀ ਲੱਖ ਲੱਖ ਵਧਾਈ



"ਧਰ ਲੂੰਗਾ ਅਬ ਏਕ ਏਕ ਕੋ ਸ਼ਮਸ਼ੀਰ ਕੇ ਆਗੇ ।
ਰੱਖ ਦੂੰਗਾ ਸੀਨਾ-ਓ-ਜਿਗਰ ਦਿਲ ਚੀਰ ਕੇ ਆਗੇ ।
ਦੁਨੀਆਂ ਤੋ ਝੁਕੀ ਫਿਰਤੀ ਹੈ ਤਕਦੀਰ ਕੇ ਆਗੇ ।
ਤਕਦੀਰ ਭੀ ਝੁਕ ਜਾਏਗੀ ਮਿਰੇ ਤੀਰ ਕੇ ਆਗੇ ।"

'ਕੈਨੇਡਾ ਦਰਪਣ' ਵਲੋਂ ਪਾਠਕਾਂ, ਸਹਿਯੋਗੀਆਂ ਤੇ ਸਭ ਮਿੱਤਰਾਂ ਨੂੰ ਨਵਾਂ ਸਾਲ ਮੁਬਾਰਕ

ਤੁਹਾਡੇ ਸਭ ਲਈ
ਨਵਾਂ ਸਾਲ ਖੁਸ਼ੀ ਭਰਿਆ ਹੋਵੇ

ਨਵੇਂ ਸਾਲ ਲਈ ਆਪਣੇ ਦੋਸਤਾਂ, ਸਨੇਹੀਆਂ ਤੇ ਬੱਚਿਆਂ ਦੇ ਗਿਆਨ ਵਿਚ ਵਾਧਾ ਕਰੋ—ਤੋਹਫੇ ਦੇ ਤੌਰ ਤੇ ਪੁਸਤਕਾਂ ਦਿਓ—ਵਿਦਿਆ ਅਜਿਹਾ ਧਨ ਹੈ ਜੋ ਵੰਡਣ ਨਾਲ ਵਧਦਾ ਹੈ—

ਕੈਨੇਡਾ ਵਿਚ ਪੰਜਾਬੀ, ਹਿੰਦੀ ਪੁਸਤਕਾਂ ਦੀ ਇਕੋ ਇਕ ਦੁਕਾਨ

ਏਸ਼ੀਆ ਬੁੱਕ ਕੰਪਨੀ
#1-219, E. 49th Ave.(at Main St,)
(ਪਾਬਲਾ ਕਲਾਥ ਹਾਊਸ ਦੀ ਦੂਜੀ ਮੰਜ਼ਲ ਤੇ) ਫੋਨ : 324-6111

HAPPY NEW YEAR

# GOYAL : THE VIDEO KING

4160 FRASER ST.
VANCOUVER, B.C. V5V 4E8

## Proudly Announce a Grand Sale On Panasonic Video Machines

WE SELL PANASONIC, TOSHIBA, SANYO, FISHER & SALVANIA VIDEO MACHINES

1983 Model

We have the biggest selection of Hindi/Punjabi old and new video films.





Rajinder Goyal

P.V.5200 K
Now at a very special price of $1199.00



PV—1310 K Now for $849.00



PV—1470 K Now for $999.00

Released or Releasing
Dev Anand's Swami Dada
Esquires

MERA BHAI HAATHI
Old Classic
SAMPOORAN RAMAYAN

Jay Mukherji's

EK MUSAFIR EK HASEENA
&DOOR KI AWAAJ

DEV ANAND'S Hit Oldie
TEEN DEVIYAN

Shatrughen, Neelu Denny in
GANGA MERI MAA

And Many Other New/Old Movies

FOR MORE INFORMATION PLEASE
PHONE: (604)873-8308

# ਬਦੇਸ਼ੀ ਭਾਰਤੀਆਂ ਦੀਆਂ ਜ਼ਮੀਨਾਂ ਖੋਹਣ ਬਾਰੇ ਨੋਟਿਸ ਮਨਸੂਖ ਕਰੋ

ਵੈਨਕੂਵਰ:—19 ਦਸੰਬਰ 1982 ਨੂੰ ਕਿੰਗਸਟਨ ਕਮਊਨਿਟੀ ਸੈਂਟਰ ਵਿਚ ਇੰਡੋ ਕਨੇਡੀਅਨ ਕਮਿਊਨਿਟੀ ਦੀ ਭਾਰੀ ਇਕੱਤਰਤਾ ਹੋਈ ਜਿਸ ਵਿਚ ਨੈਸ਼ਨਲ ਐਸੋਸੀਏਸ਼ਨ ਆਫ਼ ਕਨੇਡੀਅਨਜ਼ ਆਫ਼ ਆਰੀਜ਼ਨ ਇਨ ਇੰਡੀਆਂ, ਨਕੋਈ-ਬੀ. ਸੀ. ਚੈਪਟਰ, ਗੁਰੂ ਨਾਨਕ ਸਿੱਖ ਟੈਂਪਲ ਸਰੀ, ਅਕਾਲੀ ਸਿੰਘ ਸਿੱਖ ਟੈਂਪਲ ਵੈਨਕੂਵਰ, ਖਾਲਸਾ ਦੀਵਾਨ ਸੁਸਾਇਟੀ, ਨੀਊ ਵੈਸਟ ਮਿਨਸਟਰ, ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ, ਈਸਟ ਇੰਡੀਅਨ ਕਨੇਡੀਅਨ ਸਿਟੀਜ਼ਨਜ਼ ਵੈਲਫੇਅਰ ਐਸੋਸੀਏਸ਼ਨ, ਇੰਡੋਕੈਨੇਡੀਅਨ ਸੁਸਾਇਟੀ, ਇੰਟਰਨੈਸ਼ਨਲ ਪੰਜਾਬੀ ਸੁਸਾਇਟੀ, ਇੰਡੀਅਨ ਪੀਪਲਜ਼ ਐਸੋਸੀਏਸ਼ਨ, ਕੈਨੇਡੀਅਨ ਫਾਰ ਰੇਸ ਰੀਲੇਨਜ਼ ਤੇ ਹਿੰਦੂ ਵਿਸ਼ਵ ਪ੍ਰੀਸ਼ਦ ਆਦਿ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਲ ਸਨ

## ਹੇਠ ਲਿਖੇ ਮਤੇ ਪਾਸ ਕੀਤੇ ਗਏ :

### ਮਤਾ :

ਇਹ ਫੈਸਲਾ ਕੀਤਾ ਗਿਆ ਕਿ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਜਾਏ ਕਿ ਭਾਰਤ ਸਰਕਾਰ ਰੀਜ਼ਰਵ ਬੈਂਕ ਆਫ਼ ਇੰਡੀਆਂ ਦੇ ਇੰਡੋਕੈਨੇਡੀਅਨਾਂ ਨੂੰ ਵਾਹੀ ਵਾਲੀ ਜ਼ਮੀਨ ਜੋ ਉਨਾਂ ਨੂੰ 1974 ਤੋਂ ਪਿਛੋਂ ਮਿਲੀ ਹੈ ਉਸਦੇ ਵੇਚਣ ਜਾਂ ਬਦਲੀ ਕਰਨ ਬਾਰੇ ਨੋਟਿਸ ਖਤਮ ਕਰੇ। ਇਸ ਕਾਨੂੰਨ ਦਾ ਹੋਰ ਸਪੱਸ਼ਟੀ ਕਰਨ ਦਿਤਾ ਜਾਏ। ਹਾਜ਼ਰੀਨ ਦਾ ਵਿਚਾਰ ਸੀ ਕਿ ਜੇ ਕਿਤੇ ਇਹੋ ਜਿਹਾ ਕਾਨੂੰਨ ਪਾਸ ਵੀ ਹੋਇਆ ਸੀ ਤਾਂ ਇਸਨੂੰ ਇੰਡੋਕੈਨੇਡੀਅਨ ਲੋਕਾਂ ਦੇ ਧਿਆਨ ਵਿਚ ਨਹੀਂ ਲਿਆਂਦਾ ਗਿਆ, ਇਸ ਲਈ ਇਹ ਧੋਖੇ ਵਾਲੀ ਗੱਲ ਜਾਪਦੀ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਅਜਿਹਾ ਕਾਨੂੰਨ ਭਾਰਤ ਦੇ ਵੀ ਵਿਰੁਧ ਹੈ ਅਤੇ ਇੰਡੋ ਕੈਨੇਡੀਅਨ ਲੋਕਾਂ ਦੇ ਹਿਤਾਂ ਲਈ ਵੀ ਵਿਰੁਧ ਹੈ। ਜੇ ਅਜਿਹੇ ਕਾਨੂੰਨ ਦੀ ਲੋੜ ਹੈ ਇਸ ਬਾਰੇ ਲੋਕਾਂ ਨੂੰ ਪੂਰੀ ਜਾਣਕਾਰੀ ਦਿਤੀ ਜਾਵੇ ਤੇ ਅਜਿਹਾ ਕਾਨੂੰਨ ਬਾਹਰ ਰਹਿੰਦੇ ਇੰਡੋਕਨੇਡੀਅਨ ਲੋਕਾਂ ਦੀ ਸਲਾਹ ਲੈ ਕੇ ਪਾਸ ਕੀਤਾ ਜਾਵੇ।

### ਮਤਾ 2

ਇਹ ਵੀ ਫੈਸਲਾ ਕੀਤਾ ਗਿਆ ਕਿ ਇਸ ਮੀਟਿੰਗ ਵਿਚ ਸ਼ਾਮਲ ਸੁਸਾਇਟੀਆਂ ਇਕ ਇਕੱਠੇ ਭਾਰਤ ਵਿਚ ਵਿਸ਼ਵਾਸ਼ ਕਰਦੀਆਂ ਹਨ ਅਤੇ ਅਜਿਹੀ ਕਿਸੇ ਵੀ ਗੱਲ ਦੇ ਵਿਰੁਧ ਹਨ ਜਿਸ ਨਾਲ ਦੇਸ਼ ਦੀ ਏਕਤਾ ਦਾ ਨੁਕਸਾਨ ਹੁੰਦਾ ਹੈ।

ਇਨ੍ਹਾਂ ਮਤਿਆਂ ਦੀਆਂ ਕਾਪੀਆਂ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ, ਗ੍ਰਹਿ ਮੰਤਰੀ ਭਾਰਤ, ਖੇਤੀਬਾੜੀ ਮੰਤਰੀ ਭਾਰਤ, ਮੁੱਖ ਮੰਤਰੀ ਪੰਜਾਬ, ਇੰਡੀਅਨ ਹਾਈ ਕਮਿਸ਼ਨਰ ਅਟਵਾ, ਕੌਂਸਲ ਜਨਰਲ ਆਫ਼ ਇੰਡੀਆ ਵੈਨਕੂਵਰ, ਪ੍ਰਕਾਸ਼ ਸਿੰਘ ਬਾਦਲ ਵਿਰੋਧੀ ਨੇਤਾ ਪੰਜਾਬ ਤੇ ਹਿੰਦੋਸਤਾਨ ਟਾਈਮਜ਼, ਟ੍ਰਿਬਿਊਨ, ਪੰਜਾਬੀ ਟ੍ਰਿਬਿਊਨ ਤੇ ਅਜੀਤ ਆਦਿ ਅਖਬਾਰਾਂ ਨੂੰ ਵੀ ਭੇਜੀਆਂ ਗਈਆਂ।

## ਗਿ. ਹਰਭਜਨ ਸਿੰਘ ਨੂੰ ਸ਼ਰਧਾਂ-ਜਲੀਆਂ ਭੇਂਟ ਕੀਤੀਆਂ

ਲੁਧਿਆਣਾ:-ਪ੍ਰਸਿਧ ਦੇਸ਼ ਭਗਤ ਅਤੇ ਗੁਰਸਿੱਖ ਗਿਆਨੀ ਹਰਭਜਨ ਸਿੰਘ ਚਮਿੰਡਾ ਨਮਿਤ ਰੱਖੇ ਪਾਠ ਦਾ ਭੋਗ ਉਹਨਾਂ ਦੇ ਪਿੰਡ ਚਮਿੰਡਾ ਵਿਖੇ ਪਾਇਆ ਗਿਆ। ਵੈਰਾਗਮਈ ਕੀਰਤਨ ਅਖੰਡ ਕੀਰਤਨੀ ਜੱਥੇ ਨੇ ਕੀਤਾ। ਸ: ਜਗਦੇਵ ਸਿੰਘ ਜੱਸੋਵਾਲ ਐਮ. ਐਲ. ਏ. ਗਿਆਨੀ ਅਰਜਨ ਐਮ. ਐਲ. ਏ. ਸ: ਤਾਲਬ ਸਿੰਘ ਸੰਧੂ, ਗਿਆਨੀ ਅਜਮੇਰ ਸਿੰਘ ਲੋਹਗੜ, ਪ੍ਰਿੰਸੀਪਲ ਤਰਲੋਚਨ ਸਿੰਘ(ਡਾਕਟਰ) ਸ਼ਾਮਲ ਸਨ। ਸ: ਜਗਦੇਵ ਸਿੰਘ ਜੱਸੋਵਾਲ ਨੇ ਕਿਹਾ ਕਿ ਗਿਆਨੀ ਜੀ ਦੀ ਫੋਟੋ ਸਿੱਖ ਅਜ਼ੈਬ ਘਰ ਵਿਚ ਲਗਾਣੀ ਚਾਹੀਦੀ ਹੈ। ਗਿਆਨੀ ਅਰਜਨ ਸਿੰਘ ਨੇ ਕਿਹਾ ਕਿ ਗਿਆਨੀ ਜੀ ਨੇ ਕੌਮ ਦੀ ਨਿਘਰ ਸੇਵਾ ਕੀਤੀ ਹੈ। ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ, ਸ: ਗੁਰਚਰਨ ਸਿੰਘ ਟੌਹੜਾ, ਸ: ਬਸੰਤ ਸਿੰਘ ਖਾਲਸਾ ਐਮ. ਐਲ. ਏ. ਸ: ਜਗਦੇਵ ਸਿੰਘ ਤਲਵੰਡੀ ਆਦਿ ਨੇ ਸੋਗ ਸੰਦੇਸ਼ ਭੇਜੇ।

## ਗੁਰਚਰਨ ਰਾਮਪੁਰੀ ਦਾ ਸਨਮਾਨ

ਬੀਤੇ ਦਿਨੀ ਸਾਊਥ ਹਾਲ ਪ੍ਰਗਤੀਸ਼ੀਲ ਲਿਖਾਰੀ ਸਭਾ ਸਾਊਥਾਲ ਬਰਾਂਚ ਦੀ ਮਾਸਕ ਮੀਟਿੰਗ ਮੈਨਰ ਹਾਊਸ ਵਿਖੇ ਹੋਈ ਇਸ ਮੀਟਿੰਗ ਵਿਚ ਕੈਨੇਡਾ ਤੋਂ ਆਏ ਪੰਜਾਬੀ ਸ਼ਾਇਰ ਗੁਰਚਰਨ ਰਾਮਪੁਰੀ ਤੇ ਰੀਸਰਚ ਸਕਾਲਰ ਮਿਸ ਚਾਂਦ ਕਿਰਨ ਸ਼ਰਮਾ ਮੁਖ ਮਹਿਮਾਨ ਸਨ। ਸਾਥੀ ਲੁਧਿਆਣਵੀ ਨੇ ਸਭਾ ਦੇ ਮੈਂਬਰਾਂ ਦੀ ਮਹਿਮਾਨਾਂ ਨਾਲ ਪਹਿਚਾਣ ਕਰਵਾਏ ਸਭਾ ਦੇ ਸਕੱਤਰ ਕੇ. ਸੀ. ਮੋਹਨ ਨੇ ਗੁਰਚਰਨ ਰਾਮਪੁਰੀ ਦੀਆਂ ਸਾਹਿਤਕ ਪ੍ਰਾਪਤੀਆਂ ਅਤੇ ਮਿਸ ਚਾਂਦ ਕਿਰਨ ਸ਼ਰਮਾ ਦੇ ਰੀਸਰਚ ਵਿਸ਼ੇ ਬਾਰੇ ਜਾਣਕਾਰੀ ਦਿਤੀ। ਰਾਮਪੁਰੀ ਨੇ ਕੈਨੇਡਾ ਦੇ ਪੰਜਾਬੀ ਪਰਚਿਆਂ ਤੇ ਉਥੋਂ ਦੀਆਂ ਸਾਹਿਤਕ ਸਰਗਰਮੀਆਂ ਬਾਰੇ ਦੱਸਿਆ। ਉਹਨਾਂ ਕੈਨੇਡਾ ਵਿਚ ਨਸਲੀ ਵਿਤਕਰੇ ਦੇ ਰੂਪ ਬਾਰੇ ਵੀ ਵਿਸਥਾਰ ਵਿਚ ਦੱਸਿਆ। ਸਭਾ ਦੇ ਸਕੱਤਰ ਬਲਦੇਵ ਬਾਵਾ ਦੀ ਤਾਜ਼ਾ ਕਿਤਾਬ 'ਇਕ ਖਤ' ਵੀ ਉਹਨਾਂ ਰਲੀਜ਼ ਕੀਤੀ। ਸਭਾ ਦੇ ਪ੍ਰਧਾਨ ਸਵਰਨ ਚੰਦਨ ਨੇ ਇਸ ਕਿਤਾਬ ਬਾਰੇ ਸੰਖੇਪ ਵਿਚ ਆਪਣੇ ਵਿਚਾਰ ਦੱਸੇ ਗੁਰਚਰਨ ਰਾਮਪੁਰੀ ਹੋਣਾ ਆਪਣੇ ਤਰੰਨਮ ਨਾਲ ਰੰਗ ਬੰਨਿਆਂ ਤੇ ਕੁਝ ਹੋਰ ਨਜ਼ਮਾਂ ਵੀ ਸੁਣਾਈਆਂ। ਮੀਟਿੰਗ ਦੇ ਦੂਜੇ ਪਲਾਂਘ ਵਿਚ ਮਿਸ ਚਾਂਦ ਕਿਰਨ ਨੇ ਬਰਤਾਨੀਆਂ ਵਿਚ ਏਸ਼ੀਅਨ ਔਰਤ ਦੀ ਸਥਿਤੀ ਬਾਰੇ ਇਕ ਨਿਕਾ ਖੋਜ ਪੱਤਰ ਪੜ੍ਹਿਆ ਜਿਸ ਤੇ ਬਾਅਦ ਵਿਚ ਬਹਿਸ ਕੀਤੀ ਗਈ। ਸਭਾ ਦੇ ਮੈਂਬਰਾਂ ਨੇ ਆਪਣੀਆਂ ਨਜ਼ਮਾਂ ਸੁਣਾਈਆਂ ਰੈਡਿੰਗ ਸਭਾ ਤੋਂ ਹਰਜੀਤ ਦੋਂਧਰੀਆਂ ਇਸ ਮੀਟਿੰਗ ਵਿਚ ਭਾਗ ਲੈਣ ਲਈ ਵਿਸ਼ੇਸ਼ ਤੌਰ ਤੇ ਪੁੱਜੇ ਸਨ।

## ਪੰਜਾਬੀ ਮਾਰਕਿਟ ਵਿਚ ਨਵਾਂ ਗਰੋਸਰੀ ਸਟੋਰ

ਵੈਨਕੂਵਰ:—ਪੰਜਾਬੀ ਮਾਰਕਿਟ ਵਿਚ ਅਗਲੇ ਕੁਝ ਦਿਨਾਂ ਵਿਚ ਨਵਾਂ ਸਟੋਰ ਖੁਲ੍ਹਣ ਦੀ ਸੰਭਾਵਨਾ ਹੈ। ਪਾਬਲਾ ਬਿਲਡਿੰਗ ਵਿਚ ਨਵੀਂ ਸੁਪਰਮਾਰਕਿਟ ਜਿਸ ਵਿਚ ਭਾਰਤੀ ਗਰੋਸਰੀ ਨਾਲ ਹੋਰ ਵੀ ਹਰ ਤਰ੍ਹਾਂ ਦੀ ਗਰੋਸਰੀ ਮਿਲੇਗੀ। ਆਉਂਦੇ ਅੰਕ ਵਿਚ ਵਿਸਥਾਰ ਦਿਤਾ ਜਾਵੇਗਾ।

## ਫੌਜੀਆਂ ਨੂੰ ਮੋਰਚੇ 'ਚ ਸਦਣ ਦਾ ਲੌਂਗੋਵਾਲ ਦਾ ਬਿਆਨ ਮੰਦਭਾਗਾ

ਚੰਡੀਗੜ੍ਹ:—ਪੰਜਾਬ ਪ੍ਰਦੇਸ਼ ਕਾਂਗਰਸ(ਇ) ਦੇ ਜਨਰਲ ਸਕੱਤਰ ਸ੍ਰੀ ਬਸੰਤ ਸਿੰਘ ਨੇ ਕਿਹਾ ਕਿ ਸੰਤ ਲੌਂਗੋਵਾਲ ਵਲੋਂ ਰਿਟਾਇਰਡ ਸਿਖ ਫੌਜੀ ਜਵਾਨਾਂ ਨੂੰ ਅਕਾਲੀ ਮੋਰਚੇ ਵਿਚ ਸ਼ਾਮਲ ਹੋਣ ਲਈ ਕਹਿਣਾ ਬਹੁਤ ਹੀ ਮੰਦਭਾਗੀ ਗੱਲ ਹੈ ਅਤੇ ਇਸਦੀ ਦੇਸ਼ ਭਰ ਵਿਚ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ।

ਇਥੋਂ ਇਕ ਬਿਆਨ ਵਿਚ ਉਨ੍ਹਾਂ ਸਾਰੇ ਸਿਖ ਫੌਜੀ ਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਅਕਾਲੀ ਦਲ ਦੀਆਂ ਦੇਸ਼ ਵਿਰੋਧੀ ਅਪੀਲਾਂ ਤੋਂ ਚੌਕਸ ਰਹਿਣ, ਉਹਨਾਂ ਅਕਾਲੀ ਦਲ ਨੂੰ ਵੀ ਅਪੀਲ ਕੀਤੀ ਕਿ ਉਹ ਪੰਜਾਬ ਦੇ ਵੱਡੇ ਹਿਤਾਂ ਨੂੰ ਮੁਖ ਰੱਖਦਿਆਂ ਆਪਣਾ ਮੋਰਚਾ ਮੁਲਤਵੀ ਕਰ ਦਏ।

## ਇੰਦਰਾ ਨੂੰ 'ਗਾਂਧੀ' ਦੀ ਨੁਮਾਇਸ਼ ਤੇ ਪਾਬੰਦੀ ਲਾਉਣ ਦੀ ਅਪੀਲ

ਨਵੀਂ ਦਿੱਲੀ:—ਜਵਾਹਰ ਲਾਲ ਨਹਿਰੂ ਨੈਸ਼ਨਲ ਸਾਲੀਡੈਰਿਟੀ ਅਵਾਰਡਜ਼ ਕਮੇਟੀ ਦੇ ਚੇਅਰਮੈਨ ਸ੍ਰੀ ਪੂਰਨ ਸਿੰਘ ਅਜ਼ਾਦ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਅਪੀਲ ਕੀਤੀ ਕਿ ਬਹਿਸ ਦਾ ਵਿਸ਼ਾ ਬਣੀ 'ਗਾਂਧੀ' ਫਿਲਮ ਦੀ ਭਾਰਤ ਵਿਚ ਨੁਮਾਇਸ਼ ਦੀ ਇਜਾਜ਼ਤ ਨਾ ਦਿਤੀ ਜਾਵੇ

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਅਜ਼ਾਦ ਨੇ ਕਿਹਾ ਕਿ ਫਿਲਮ ਵਿਚ ਭਾਰਤ ਦੀ ਅਜ਼ਾਦੀ ਦੀ ਲਹਿਰ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ ਅਤੇ ਪੰਡਤ ਨਹਿਰੂ ਤੇ ਸਰਦਾਰ ਪਟੇਲ ਦੀ ਭੂਮਿਕਾ ਨੂੰ ਛੁਟਿਆ ਕੇ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਸਲੀਅਤ ਇਹ ਹੈ ਕਿ ਮਹਾਤਮਾ ਗਾਂਧੀ, ਪੰਡਤ ਨਹਿਰੂ ਤੇ ਸਰਦਾਰ ਪਟੇਲ ਦੀ ਪਵਿਤਰ ਤ੍ਰਿਮੂਰਤੀ ਆਜ਼ਾਦੀ ਦੀ ਲਹਿਰ ਦੀ ਜਿੰਦ ਜਾਨ ਸੀ।

ਸ੍ਰੀ ਅਜ਼ਾਦ ਨੇ ਦੱਸਿਆ ਕਿ ਇਸ ਫਿਲਮ ਵਿਚ ਜਿਹੜੀ ਕਿ ਜਨਵਰੀ ਵਿਚ ਭਾਰਤ ਵਿਚ ਰਲੀਜ਼ ਹੋਣ ਵਾਲੀ ਹੈ, ਭਾਰਤ ਇਤਿਹਾਸ ਦਾ ਇਕ ਅਹਿਮ ਹਿਸਾ 'ਭਾਰਤ ਛੱਡੋ ਅੰਦੋਲਨ' ਵੀ ਸ਼ਾਮਲ ਨਹੀਂ ਕੀਤਾ ਗਿਆ

## ਚੈਨਾ ਰੈਡੀ 5 ਨੂੰ ਅਸਤੀਫਾ ਦੇਣਗੇ ?

ਚੰਡੀਗੜ੍ਹ:—ਪਤਾ ਲੱਗਾ ਹੈ ਕਿ ਪੰਜਾਬ ਦੇ ਰਾਜਪਾਲ ਡਾ. ਐਮ. ਚੈਨਾ ਰੈਡੀ ਨੇ ਪ੍ਰਧਾਨ ਮੰਤਰੀ ਸ੍ਰੀਮਤੀ ਗਾਂਧੀ ਨੂੰ ਸੂਚਿਤ ਕੀਤਾ ਹੈ ਕਿ ਉਹ 5 ਜਨਵਰੀ 1983 ਨੂੰ ਜਿਸ ਦਿਨ ਉਹਨਾਂ ਦੇ ਗ੍ਰਹਿ ਰਾਜ ਆਂਧਰਾ ਵਿਚ ਚੋਣਾਂ ਹੋ ਰਹੀਆਂ ਹਨ, ਅਸਤੀਫਾ ਦੇਣਾ ਚਾਹੁੰਦੇ ਹਨ।

ਦੱਸਿਆ ਜਾਂਦਾ ਹੈ ਕਿ ਆਂਧਰਾ ਦੇ ਕਈ ਇੱਕਾ ਨੇਤਾ ਸ੍ਰੀ ਰੈਡੀ ਦੇ ਵਾਪਸ ਰਾਜ ਪਰਤਣ ਦੇ ਸਖਤ ਵਿਰੁਧ ਹਨ ਇਸ ਲਈ ਇਹ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ ਕਿ ਉਨ੍ਹਾਂ ਨੂੰ ਆਪਣੀ ਅਸਤੀਫਾ ਦੇਣ ਦੀ ਜ਼ਿੱਦ ਤੇ ਅੜੇ ਰਹਿਣ ਤੇ ਦਿੱਲੀ ਵਿਚ ਕੋਈ ਅਹੁਦਾ ਦੇ ਦਿਤਾ ਜਾਏ। ਪਤਾ ਲੱਗਾ ਹੈ ਕਿ ਸ੍ਰੀਮਤੀ ਗਾਂਧੀ ਸ੍ਰੀ ਰੈਡੀ ਦੇ ਅਸਤੀਫਾ ਦੇਣ ਦੇ ਵਿਰੁਧ ਹਨ।

## ਸੇਠੀ ਅਕਾਲੀ ਦਲ ਦੇ ਨੇਤਾਵਾਂ ਨੂੰ ਚੰਡੀਗੜ੍ਹ 'ਚ ਮਿਲਣ ਲਈ ਰਾਜ਼ੀ

ਨਵੀਂ ਦਿੱਲੀ:- ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਪੀ. ਸੀ. ਸੇਠੀ ਨੇ ਅਜ ਕਿਹਾ ਕਿ ਜੇ ਕਰ ਅਕਾਲੀ ਨੇਤਾ ਤਿਆਰ ਹੋਣ ਤਾਂ ਉਹ ਪੰਜਾਬ ਦੇ ਮਸਲਿਆਂ ਬਾਰੇ ਗੱਲਬਾਤ ਕਰਨ ਲਈ ਰੱਖਿਆ ਮੰਤਰੀ ਸ੍ਰੀ ਵੈਂਕਟਮਨ ਨਾਲ ਚੰਡੀਗੜ੍ਹ ਪੁੱਜਣ ਲਈ ਤਿਆਰ ਹਨ।

ਸ਼ਰੋਮਣੀ ਅਕਾਲੀ ਦਲ (ਮਾਸਟਰ ਤਾਰਾ ਸਿੰਘ) ਦੇ ਇਕ ਵਫਦ ਨੇ ਇਕ ਪਾਰਟੀ ਪ੍ਰਧਾਨ ਜੱਥੇਦਾਰ ਰਛਪਾਲ ਸਿੰਘ ਦੀ ਅਗਵਾਈ ਹੇਠ ਅੱਜ ਸਵੇਰੇ ਸ੍ਰੀ ਸੇਠੀ ਨਾਲ ਮੁਲਕਾਤ ਕੀਤੀ ਸੀ।

ਅਕਾਲੀ ਵਫਦ ਨੇ ਸ੍ਰੀ ਸੇਠੀ ਨੂੰ ਕਿਹਾ ਕਿ ਦਲ ਨੇ ਹੁਣ 26 ਜਨਵਰੀ ਤੱਕ ਸਰਕਾਰ ਨੂੰ ਸਮਾਂ ਦੇ ਦਿਤਾ ਹੈ ਇਸ ਲਈ ਸਰਕਾਰ ਨੂੰ ਸਿੱਖਾਂ ਦੀਆਂ ਧਾਰਮਿਕ ਮੰਗਾਂ ਮੰਨਣ ਦਾ ਐਲਾਨ ਕਰ ਦੇਣਾ ਚਾਹੀਦਾ ਹੈ ਅਤੇ ਬਾਕੀ ਮਸਲਿਆਂ ਬਾਰੇ ਦਲ ਨਾਲ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ।

ਜਥੇਦਾਰ ਰਛਪਾਲ ਸਿੰਘ ਨੇ ਸ੍ਰੀ ਸੇਠੀ ਦੇ ਹਵਾਲੇ ਨਾਲ ਕਿਹਾ ਕਿ ਸਰਕਾਰ ਅਕਾਲੀ ਦਲ ਦੀਆਂ ਧਾਰਮਿਕ ਮੰਗਾਂ ਮੰਨਣ ਲਈ ਤਿਆਰ ਹੈ ਪਰ ਬਾਕੀ ਗੱਲਾਂ ਉਤੇ ਗੱਲਬਾਤ ਕੀਤੀ ਜਾਣੀ ਜ਼ਰੂਰੀ ਹੈ।

ਕੇਂਦਰ ਨੇ ਧਾਰਮਿਕ ਮੰਗਾਂ, ਚੰਡੀਗੜ੍ਹ ਅਤੇ ਹੋਰ ਮਸਲਿਆਂ ਬਾਰੇ ਉੱਕਾ ਪੁੱਕਾ ਸਮਝੌਤਾ ਕਰਨ ਦਾ ਫੈਸਲਾ ਕਰ ਲਿਆ ਹੈ ਅਤੇ ਅਕਾਲੀ ਦਲ ਨੂੰ ਇਸ ਸਬੰਧ ਵਿਚ ਸੂਚਿਤ ਕਰ ਦਿਤਾ ਗਿਆ ਹੈ। ਦਲ ਨੂੰ ਕਿਹਾ ਗਿਆ ਕਿ ਉਹ ਮੋਰਚਾ ਵਾਪਸ ਲੈ ਕੇ ਮਾਮਲਿਆਂ ਦਾ ਨਿਪਟਾਰਾ ਗੱਲਬਾਤ ਰਾਹੀਂ ਕਰ ਲੈਣ।

ਉਚ ਸੂਤਰਾਂ ਅਨੁਸਾਰ ਕੇਂਦਰ, ਅਕਾਲੀ ਦਲ ਦੀਆਂ ਧਾਰਮਿਕ ਮੰਗਾਂ ਦੀ ਪ੍ਰਵਾਨਗੀ ਅਤੇ ਹੋਰ ਅੰਤਰਰਾਜੀ ਮਾਮਲਿਆਂ ਬਾਰੇ ਗੱਲਬਾਤ ਕਰਨ ਦਾ ਐਲਾਨ ਉਸ ਸਮੇਂ ਕਰੇਗਾ ਜਦੋਂ ਅਕਾਲੀ ਦਲ ਕੇਂਦਰ ਨੂੰ ਭਰੋਸਾ ਦੇਵੇਗਾ ਕਿ ਉਹ ਆਪਣਾ ਮੋਰਚਾ ਨਾਲ ਹੀ ਵਾਪਸ ਲੈ ਲਵੇਗਾ ਨਹੀਂ ਤਾਂ ਕੋਈ ਵੀ ਗੱਲਬਾਤ ਨਹੀਂ ਹੋਵੇਗੀ।

ਲੁਧਿਆਣਾ ਤੋਂ ਸਾਡੇ ਵਿਸ਼ੇਸ਼ ਪ੍ਰਤੀਨਿਧ ਅਨੁਸਾਰ ਅਕਾਲੀ ਨੇਤਾ ਸ੍ਰੀ ਬਲਵੰਤ ਸਿੰਘ ਨੇ ਅਜ ਇਥੇ ਕਿਹਾ ਕਿ ਪੰਜਾਬ ਦੇ ਮਸਲਿਆਂ ਦਾ ਹੱਲ ਲੱਭੇ ਜਾਣਾ ਕੌਮੀ ਹਿਤ ਵਿਚ ਹੈ। ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਏਸ਼ੀਆਡ ਦੌਰਾਨ ਸਿੱਖਾਂ ਨੂੰ ਦਿਲੀ ਜਾਣੋਂ ਰੋਕਣ ਦਾ ਸਿੱਖਾਂ ਦੇ ਮਨਾਂ ਉਤੇ ਬੁਰਾ ਅਸਰ ਪਿਆ।

---

| | |
|---|---|
| ਮਿਟ ਜਾਣ ਆਪੇ ਬੋਲੀਆਂ | ਉਠੋ ਕਿ ਉਠ ਕੇ ਦੇਸ਼ ਦਾ |
| ਵਰਨਾਂ ਦੇ ਵਿਤਕਰੇ, | ਮੂੰਹ ਮੱਥਾ ਡੋਲੀਏ। |
| ਮਰਦਾਨੇ ਵਾਂਗ ਛੇੜੀਏ | ਮੁੜ ਕੇ ਪੰਜਾਬ ਸਾਜੀਏ |
| ਜੋ ਸੁਰ ਰਬਾਬ ਦਾ। | ਨਾਨਕ ਦੇ ਖਾਬ ਦਾ। |

### ਕ੍ਰਿਸਮਿਸ ਵਾਲੇ ਦਿਨ....

## ਸਰੀ ਵਿਚ ਨਵੇਂ ਖੁਲ੍ਹਣ ਵਾਲੇ ਸਟੋਰ ਦੇ ਸ਼ੀਸ਼ੇ ਤੋੜ ਦਿਤੇ ਗਏ

ਸੀ.ਬੀ.ਸੀ. ਅਨੁਸਾਰ 25 ਦਸੰਬਰ ਕ੍ਰਿਸਮਿਸ ਵਾਲੇ ਦਿਨ ਇਕ ਨਵੇਂ ਖੁਲ੍ਹਣ ਵਾਲੇ ਸਟੋਰ ਦੇ ਸ਼ੀਸ਼ੇ ਤੋੜ ਦਿਤੇ ਗਏ ਹਨ। ਸ੍ਰੀ ਚਰਨਪਾਲ ਗਿੱਲ ਨਸਲਵਾਦ ਵਿਰੁਧ ਸੰਘਰਸ਼ ਸੰਮਤੀ ਦੇ ਪ੍ਰਧਾਨ ਉਥੇ ਖਬਰ ਸੁਣਦੇ ਸਾਰ ਮੌਕੇ ਤੇ ਪਹੁੰਚੇ। ਉਨਾਂ ਦੀ ਪੈਰਵਹੀ ਜਾਰੀ ਹੈ। ਪੁਲਸ ਤੇ ਜ਼ੋਰ ਪਾਇਆ ਜਾ ਰਿਹਾ ਹੈ ਕਿ ਸਾਡੇ ਲੋਕਾਂ ਦੀ ਰੱਖਿਆ ਕੀਤੀ ਜਾਵੇ ਤੇ ਇਸ ਮਸਲੇ ਬਾਰੇ ਸਰੀ ਦੇ ਮੇਅਰ ਰੋਸ ਨਾਲ 6 ਜਨਵਰੀ ਨੂੰ ਮੀਟਿੰਗ ਨੀਯਤ ਕੀਤੀ ਗਈ ਹੈ। ਇਹ ਵੀ ਕਿਹਾ ਗਿਆ ਕਿ ਸਾਡੀ ਕ੍ਰਿਸਮਿਸ ਨਸਲਵਾਦੀਆਂ ਨੇ ਭੰਗ ਕਰ ਦਿਤੀ ਹੈ ਜਿਥੇ ਕਿ ਹੋਰ ਲੋਕ ਖੁਸ਼ੀਆਂ ਮਨਾਂਉਂਦੇ ਹਨ। ਆਪ ਭਰੱਪਣਤਾ, ਅਮਨ ਤੇ ਬਰਦਾਸ਼ਤ ਕਰਨ ਦੀ ਸ਼ਕਤੀ ਦਾ ਪੈਗਾਮ ਦਿੰਦੇ ਹਨ, ਪਰ ਸਾਨੂੰ ਏਥੋਂ ਦੇ ਨਸਲੀ ਗੋਰੇ ਵੱਖਰਾ ਸੁਨੇਹਾ ਦਿੰਦੇ ਹਨ।

17 ਵੱਡੇ ਸ਼ੀਸ਼ੇ ਤੋੜ ਦਿਤੇ ਗਏ ਹਨ। ਇਹ ਵੇਲਾ ਹੈ ਕਿ ਅਸੀਂ ਸਾਰੇ ਆਪਣਾ ਇਕੱਠ ਰੱਖੀਏ ਤੇ ਇਸ ਨਸਲੀ ਵਿਤਕਰੇ ਦਾ ਇਲਾਜ ਮੇਅਰ ਜਾਂ ਪੁਲੀਸ ਨਹੀਂ ਕਰ ਸਕੇਗੀ। ਇਹ ਸਾਡਾ ਫਰਜ਼ ਬਣਦਾ ਹੈ ਕਿ ਮੌਕੇ ਦੇ ਅਫ਼ਸਰਾਂ ਨੂੰ ਤੇ ਚੁਣੇ ਹੋਏ ਰਾਜਨੀਤਕ ਆਗੂਆਂ ਨੂੰ ਦੱਸਿਆ ਜਾਵੇ ਪਰ ਇਨ੍ਹਾਂ ਤੇ ਪੂਰਾ ਨਿਰਭਰ ਕਰਨਾ ਸਾਡੀ ਗਲਤੀ ਹੋਵੇਗੀ।

## ਸਿੱਖ ਮਿਸ਼ਨ ਆਫ਼ ਕੈਨੇਡਾ ਵਲੋਂ ਤੀਜੀ ਪੁਸਤਕ ਰੀਲੀਜ਼

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ੁਭ ਪ੍ਰਕਾਸ਼ ਦਿਵਸ ਤੇ ਬੱਚਿਆਂ ਅਤੇ ਗੋਰਿਆ ਵਿਚ ਫਰੀ ਵੰਡਣ ਲਈ ਅੰਗਰੇਜ਼ੀ ਵਿਚ "Guru Nanak's Sikh Religion" 16 ਸਫੇ ਦੀ ਇਹ Booklet ਰੀਲੀਜ਼ ਕਰ ਦਿਤੀ ਗਈ ਹੈ।

ਜੈਸਾ ਕਿ ਆਪ ਸਭ ਨੂੰ ਪਤਾ ਹੈ ਕਿ ਸਿੱਖ ਮਿਸ਼ਨ ਆਫ਼ ਕੈਨੇਡਾ ਨਿਰੋਲ ਮਿਸ਼ਨਰੀ ਸੇਵਾ ਦੀ ਇਕ ਸੰਸਥਾ ਹੈ ਜਿਸਦਾ ਮੁਖ ਕੰਮ ਸਾਡੇ ਬੱਚਿਆਂ ਅਤੇ ਹੋਰ ਕੌਮਾਂ ਵਿਚ ਸਿਖ ਧਰਮ ਅਤੇ ਸਿਖ ਜੀਵਨ ਬਾਰੇ ਛੋਟੇ ਛੋਟੇ ਪੈਂਫਲਿਟ ਵੰਡਕੇ ਪਰਚਾਰ ਕਰਨਾ ਹੈ। ਇਹ ਸੰਗਤਾਂ ਦੀ ਭੇਟਾ ਸਾਂਡਾ ਚੋਥਾ ਉਦਮ ਹੈ।

ਸਾਡੇ ਭਾਰਤੀ ਵਰਗ ਦੇ ਸਮੂਹ ਵਪਾਰੀ ਅਤੇ ਹੋਰ ਮਿਤਰਾਂ ਨੇ ਹੁਣ ਤੱਕ ਸਹਾਇਤਾ ਕੀਤੀ ਹੈ ਜਿਸਦੇ ਅਸੀਂ ਅਤੀ ਧੰਨਵਾਦੀ ਹਾਂ। ਸੋ, ਗੁਰਦੁਆਰਾ ਕਮੇਟੀਆਂ ਅਤੇ ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਮਿਸ਼ਨਰੀ ਸੇਵਾ ਵਿਚ ਯੋਗਦਾਨ ਪਾਉ ਤਾਂ ਕਿ ਅੱਗੇ ਨੂੰ ਵੀ ਅਤੀ ਲੋੜੀਂਦੀ ਸੇਵਾ ਚਲਦੀ ਰਹੇ। ਵਾਹਿਗੁਰੂ ਆਪ ਸਭ ਲਈ ਨਵਾਂ ਸਾਲ ਖੁਸ਼ੀਆਂ ਅਤੇ ਬਰਕਤਾਂ ਭਰਿਆ ਲਿਆਵੇ।

ਗੁਰ ਫਤਿਹ ਅਤੇ ਧੰਨਵਾਦ ਸਹਿਤ,

ਸੰਗਤਾਂ ਦੇ ਦਾਸ
ਰਾਜਿੰਦਰ ਸਿੰਘ ਪਧੇਰ
ਬੰਤਾ ਸਿੰਘ ਸੱਭਰਵਾਲ
Sikh Mission Of Canada
P.O.Box. 67672. Stn. 'O'
Vancouver, B.C. V5W 3V2

ਦਸੰਬਰ 26, 1982

ਕਿਤਾਬਾ ਮੰਗਾਉਣ ਅਤੇ ਮਾਇਆ ਭੇਜਣ ਲਈ ਪਤਾ ਹੈ :-

**ਇਹ 16 ਸਫ਼ੇ ਦੀ ਪੋਥੀ ਤੁਹਾਨੂੰ ਮੁਫਤ ਮਿਲ ਸਕਦੀ ਹੈ**

**ਸਿੱਖ ਮਿਸ਼ਨ ਆਫ਼ ਕੈਨੇਡਾ**
**ਬੌਕਸ 67672, Stn. O**
**ਵੈਨਕੂਵਰ, ਬੀ. ਸੀ.**

## ਗੁਲਾਬ ਸਿੰਘ ਦਾ ਸਨਮਾਨ

ਚੰਡੀਗੜ੍ਹ:—78 ਸਾਲਾਂ ਬਜ਼ੁਰਗ ਅਥਲੀਟ ਗੁਲਾਬ ਸਿੰਘ, ਜਿਸਨੇ ਪਿਛਲੇ ਸਾਲਾਂ ਵਿਚ ਵੱਖ ਵੱਖ ਕੌਮਾਂਤਰੀ ਵੈਟਰਨ ਅਥਲੈਟਿਕ ਪ੍ਰਤੀਯੋਗਤਾਵਾਂ ਦੌਰਾਨ ਸੋਨੇ ਦੇ 13 ਚਾਂਦੀ ਦਾ ਇਕ ਤਮਗਾ ਜਿਤਿਆ ਸੀ, ਦਾ ਸਥਾਨਕ ਡੀ. ਏ. ਵੀ. ਕਾਲਜ ਸਨਮਾਨ ਕੀਤਾ ਗਿਆ

ਕਾਲਜ ਦੇ ਪ੍ਰਿੰਸੀਪਲ ਕੇ. ਐਸ. ਆਰੀਆ ਨੇ ਉਨ੍ਹਾਂ ਨੂੰ ਇਕ ਦਸਤਾਰ ਤੇ 1001 ਰੁਪਏ ਭੇਟ ਕੀਤੇ।

## ਸਦਾਤ ਦਾ ਭਰਾ ਕਰੋੜ ਪਤੀ ਕਿਵੇਂ ਬਣ ਗਿਆ !

ਮਾਸਕੋ:—ਮਿਸਰ ਦੇ ਸਾਬਕਾ ਪ੍ਰਧਾਨ ਅਨਵਰ ਸਦਾਤ ਦੇ ਇਕ ਭਰਾ ਅਸਮਤ ਸਦਾਤ ਤੇ ਕਰਪਸ਼ਨ ਅਤੇ ਦੇਸ ਦੇ ਅਰਥਚਾਰੇ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ ਲਾਇਆ ਗਿਆ ਹੈ।

ਅਸਮਤ ਜੋ ਪਹਿਲਾਂ ਕਾਰ ਡਰਾਈਵਰ ਹੁੰਦਾ ਸੀ, ਹੁਣ ਕਰੋੜਪਤੀ ਬਣ ਗਿਆ ਹੈ ਉਸ ਦੇ ਪੁਤਰ ਵੀ ਗ੍ਰਿਫਤਾਰ ਕੀਤੇ ਜਾਣਗੇ ਕਿਉਂ ਜੋ ਉਹਨਾਂ ਤੇ ਦੋਸ਼ ਹੈ ਕਿ ਉਹ ਸਮਾਜ ਲਈ ਖਤਰਾ ਹਨ।

ਇਸਤੋਂ ਇਲਾਵਾ ਸ੍ਰੀ ਸਦਾਤ ਦੀ ਅਤੇ ਉਸਦੇ ਪ੍ਰਵਾਰ ਦੀ ਜਾਇਦਾਦ ਨੂੰ ਵੀ ਜ਼ਬਤ ਕਰ ਲਿਆ ਗਿਆ ਹੈ।

## ਦਲ ਵਲੋਂ ਘੱਟ ਗਿਣਤੀਆਂ ਦੀ ਹਮਾਇਤ ਲਈ ਖਰੜਾ ਤਿਆਰ

ਚੰਡੀਗੜ੍ਹ:- ਸ਼ਰੋਮਣੀ ਅਕਾਲੀ ਦਲ ਨੇ ਆਪਣੀਆਂ ਮੰਗਾਂ ਦੀ ਹਮਾਇਤ ਵਿਚ ਘੱਟ ਗਿਣਤੀਆਂ, ਵਿਰੋਧੀ ਪਾਰਟੀਆਂ ਅਤੇ ਗੈਰਕਾਂਗਰਸੀ ਰਾਜ ਸਰਕਾਰਾਂ ਦੀ ਹਮਾਇਤ ਹਾਸਲ ਕਰਨ ਲਈ ਇਕ ਖਰੜਾ ਲਗਭਗ ਤਿਆਰ ਕਰ ਲਿਆ ਹੈ ਤਾਂ ਜੋ ਉਨ੍ਹਾਂ ਦੀਆਂ ਮੰਗਾਂ ਬਾਰੇ ਕਿਸੇ ਕਿਸਮ ਦਾ ਭੁਲੇਖਾ ਨਾ ਰਹੇ।

ਭੁਲੇਖੇ ਦੂਰ ਕਰਨ ਲਈ ਜਿਨਾਂ ਬੰਦਿਆਂ ਦੀ ਡਿਊਟੀ ਲਾਈ ਗਈ ਹੈ, ਉਹਨਾਂ ਨੂੰ ਦਲ ਦੇ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਲੋੜੀਂਦੀਆਂ ਹਦਾਇਤਾਂ ਦੇ ਦਿਤੀਆਂ ਹਨ।

ਅਕਾਲੀ ਦਲ ਦੇ ਉਚ ਸੂਤਰਾਂ ਅਨੁਸਾਰ ਮੰਗਾਂ ਨੂੰ ਸੰਖੇਪ ਰੂਪ ਦਿਤਾ ਹੈ ਅਤੇ ਹੁਣ ਇਨਾਂ ਦੀ ਗਿਣਤੀ 10 ਰਹਿ ਗਈ ਹੈ। ਇਨਾਂ ਵਿਚੋਂ 4 ਮੰਗਾਂ ਧਾਰਮਿਕ ਹਨ ਜਿਨਾਂ ਨੂੰ ਮੰਨਣ ਨਾਲ ਕਿਸੇ ਦੂਜੇ ਫਿਰਕੇ ਜਾਂ 'ਧਰਮ' ਤੇ ਅਸਰ ਨਹੀਂ ਪੈਂਦਾ। ਇਨ੍ਹਾਂ ਵਿਚ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਕਰਾਰ ਦੇਣ, ਰੇਡੀਓ ਤੋਂ ਗੁਰਬਾਣੀ ਕੀਰਤਨ ਦੇ ਪ੍ਰਸਾਰਨ, ਸਰਬ ਹਿੰਦ ਗੁਰਦੁਆਰਾ ਐਕਟ ਬਨਾਉਣ ਦੀ ਮੰਗ ਸ਼ਾਮਲ ਹੈ।

ਬਾਕੀ 6 ਮੰਗਾਂ ਵਿਚ ਚੰਡੀਗੜ੍ਹ ਪੰਜਾਬ ਨੂੰ ਦੇਣ, ਰਾਵੀ ਬਿਆਸ ਦੇ ਪਾਣੀਆਂ ਦੀ ਵੰਡ ਦਾ ਮਸਲਾ ਸੁਪਰੀਮ ਕੋਰਟ ਦੇ ਜੱਜਾਂ ਨੂੰ ਸੌਂਪਣ ਦੀ ਮੰਗ ਸ਼ਾਮਲ ਹੈ।

ਅਨੰਦਪੁਰ ਸਾਹਿਬ ਦੇ ਮਤੇ ਦੀ ਨਵੀਂ ਰੂਪ ਰੇਖਾ ਦੇਕੇ ਮੰਗ ਕੀਤੀ ਗਈ ਹੈ ਕਿ ਸੂਬਿਆਂ ਨੂੰ ਵੱਧ ਮਾਲੀ ਅਧਿਕਾਰ ਦਿਤੇ ਜਾਣ।

## ਪਾਕਿਸਤਾਨ ਪ੍ਰਮਾਣੂ ਤਕਨਾਲੋਜੀ ਲੈਣ ਲਈ ਬਜ਼ਿਦ

ਟਰਾਂਟੋ:—ਪਾਕਿਸਤਾਨ ਦੇ ਪ੍ਰਧਾਨ ਮੁਹੰਮਦ ਜ਼ੀਆ-ਉਲ-ਹੱਕ ਨੇ ਆਪਣੇ ਕੈਨੇਡਾ ਦੇ ਪੰਜ-ਰੋਜ਼ਾ ਦੌਰੇ ਦੌਰਾਨ ਕਿਹਾ ਕਿ ਚਾਹੇ ਵਿਕਸਿਤ ਦੇਸ਼ ਮਦਦ ਕਰਨ ਜਾਂ ਨਾ ਕਰਨ, ਪਰ ਪਾਕਿਸਤਾਨ ਪ੍ਰਮਾਣੂ ਤਕਨਾਲੋਜੀ ਜ਼ਰੂਰ ਪ੍ਰਾਪਤ ਕਰੇਗਾ।

ਜ਼ੀਆਂ ਅਨੁਸਾਰ ਇਕ ਤਕਨਾਲੋਜੀ "ਅਮਨ" ਲਈ ਪ੍ਰਾਪਤ ਕਰਨੀ ਜ਼ਰੂਰੀ ਹੈ।

ਉਸਨੇ ਕਿਹਾ 'ਜੇਕਰ ਕੈਨੇਡਾ ਵਰਗੇ ਦੇਸ਼ ਪ੍ਰਮਾਣੂ ਤੌਰ ਤੇ ਸਾਡੀ ਸਹਾਇਤਾ ਨਹੀਂ ਕਰਨਗੇ, ਪਾਕਿਸਤਾਨ ਕੋਲ ਇਸਨੂੰ ਪ੍ਰਾਪਤ ਕਰਨ ਦੇ ਹੋਰ ਬਹੁਤ ਰਾਹ ਹਨ।'

ਯਾਦ ਰਹੇ ਕਿ ਕੈਨੇਡਾ ਨੇ 1976 ਵਿਚ ਪਾਕਿਸਤਾਨ ਨੂੰ ਇਹ ਤਕਨਾਲੋਜੀ ਦੇਣ ਤੋਂ ਇਨਕਾਰ ਕਰ ਦਿਤਾ ਸੀ। ਉਸ ਸਮੇਂ ਪਾਕਿਸਤਾਨ ਨੇ ਅੰਤਰਰਾਸ਼ਟਰੀ ਪ੍ਰਮਾਣੂ ਹਥਿਆਰਾਂ ਦੀ ਰੋਕ ਸਬੰਧੀ ਸੰਧੀ ਤੇ ਦਸਤਖਤ ਕਰਨ ਤੋਂ ਨਾਂਹ ਕੀਤੀ ਸੀ। ਜ਼ੀਆਂ ਨੇ ਕਿਹਾ ਕਿ ਜੇ ਭਾਰਤ ਅਜੇਹੀ ਸੰਧੀ ਦਸਤਖਤ ਕਰੇਗਾ ਤਾਂ ਹੀ ਪਾਕਿਸਤਾਨ ਅਜਿਹਾ ਕਦਮ ਉਠਾਵੇਗਾ। ਇਸ ਪੰਜ ਦਿਨਾਂ ਦੌਰੇ ਵਿਚ ਜ਼ੀਆਂ ਦੀ ਮਨੁਖੀ ਹੱਕਾਂ ਨੂੰ ਕੁਚਲਣ ਦੀ ਪਾਲਿਸੀ ਵਿਰੁਧ ਮੁਜ਼ਾਹਰੇ ਹੋਏ।

## ਦਲ ਖਾਲਸਾ ਦੇ ਵਰਕਰਾਂ ਬਾਰੇ ਕੌਮਾਂਤਰੀ ਪੁਲੀਸ ਚੌਕਸ

ਨਵੀਂ ਦਿੱਲੀ:- ਭਾਰਤ ਦੀਆਂ ਖੁਫੀਆਂ ਏਜੰਸੀਆਂ ਨੇ ਦਲ ਖਾਲਸਾ ਦੇ ਵਰਕਰਾਂ ਦੀਆਂ ਸਰਗਰਮੀਆਂ ਉਤੇ ਨਿਗਾਹ ਰੱਖਣ ਲਈ ਕੌਮਾਂਤਰੀ ਪੁਲੀਸ ਦੀਆਂ ਸੇਵਾਵਾਂ ਮੰਗੀਆਂ ਹਨ।

ਜਾਣਕਾਰ ਸੂਤਰਾਂ ਅਨੁਸਾਰ ਕੌਮਾਂਤਰੀ ਪੁਲੀਸ ਨੂੰ ਤੋੜ ਫੋੜ ਅਤੇ ਹਵਾਈ ਜਹਾਜ਼ਾਂ ਦੇ ਅਗਵਾਕਾਰਾਂ ਦੀਆਂ ਸਰਗਰਮੀਆਂ ਉਤੇ ਨਿਗਾਹ ਰੱਖਣ ਲਈ ਏਸ਼ੀਆਡ ਖੇਡਾਂ ਤੋਂ ਪਹਿਲਾਂ ਬੇਨਤੀ ਕੀਤੀ ਗਈ ਸੀ ਅਤੇ ਹੁਣ ਦੁਬਾਰਾ ਬੇਨਤੀ ਕੀਤੀ ਗਈ ਹੈ।

ਦਲ ਖਾਲਸਾ ਦੇ ਬਹੁਤੇ ਸਮਰਥਕ ਕੈਨੇਡਾ, ਪੱਛਮੀ ਜਰਮਨੀ ਤੇ ਬਰਤਾਨੀਆਂ ਵਿਚ ਦੱਸੇ ਜਾਂਦੇ ਹਨ ਅਤੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਆਪਣੀਆਂ ਸਰਗਰਮੀਆਂ ਮੁੜ ਤੇਜ ਕਰ ਦਿਤੀਆਂ ਹਨ।

ਖੁਫੀਆਂ ਏਜੰਸੀਆਂ ਨੂੰ ਸੂਚਨਾ ਮਿਲੀ ਹੈ ਕਿ ਦਲ ਖਾਲਸਾ ਦੇ ਵਰਕਰ ਯੂਰਪ ਵਿਚ ਤੋੜ-ਫੋੜ ਦੀਆਂ ਕਾਰਵਾਈਆਂ ਕਰਕੇ ਖਬਰਾਂ ਦਾ ਕੇਂਦਰ ਬਣ ਸਕਦੇ ਹਨ।

ਭਾਵੇਂ ਅਧਿਕਾਰੀ ਦਲ ਖਾਲਸਾ ਦੇ ਇਨ੍ਹਾਂ ਸਰਗਰਮ ਵਰਕਰਾਂ ਬਾਰੇ ਕੁਝ ਕਹਿਣ ਤੋਂ ਝਿਜਕਦੇ ਹਨ ਪਰ ਸਮਝਿਆ ਜਾਂਦਾ ਹੈ ਕਿ ਇਨਾਂ ਵਿਚ ਸਰਵ ਸ੍ਰੀ ਤਰਸੇਮ ਸਿੰਘ, ਸੇਵਾ ਸਿੰਘ, ਗੁਰਨਾਮ ਸਿੰਘ, ਵਧਾਵਾ ਸਿੰਘ ਅਤੇ ਬਲਵਿੰਦਰ ਸਿੰਘ ਦੇ ਨਾਂ ਵੀ ਸ਼ਾਮਲ ਹਨ।

## ਪੰਜ ਮੈਂਬਰੀ ਕਮੇਟੀ ਭੰਗ ਕਰਨ ਦੀ ਮੰਗ

ਫਰੀਦਕੋਟ:-ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਮਹੰਤ ਸੇਵਾਦਾਸ ਨੇ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਅਪੀਲ ਕੀਤੀ ਹੈ ਕਿ ਉਹ ਦਲ ਦੀ ਪੰਜ ਮੈਂਬਰੀ ਕਮੇਟੀ ਭੰਗ ਕਰ ਦੇਣ ਕਿਉਂਕਿ ਇਹ ਆਪਣੇ ਉਦੇਸ਼ ਵਿਚ ਅਸਫਲ ਰਹੀ ਹੈ।

ਕੱਲ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਹੰਤ ਸੇਵਾਦਾਸ ਨੇ ਇਹ ਵੀ ਦੋਸ਼ ਲਾਇਆ ਕਿ ਉਕਤ ਕਮੇਟੀ ਦੇ ਬਹੁਤ ਸਾਰੇ ਮੈਂਬਰ ਅਕਾਲੀ ਦਲ ਦੀਆਂ ਮੰਗਾਂ ਪ੍ਰਤੀ ਇਮਾਨਦਾਰ ਨਹੀਂ ਹਨ। ਉਨਾਂ ਸੰਤ ਲੌਂਗੋਵਾਲ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਵਿਚੋਲਿਆਂ ਨਾਲ ਗੱਲਬਾਤ ਕਰਨ ਦੀ ਥਾਂ ਸਿੱਧੀ ਪ੍ਰਧਾਨ ਮੰਤਰੀ ਨਾਲ ਗਲਬਾਤ ਕਰਨ।




## ਜਗਜੀਤ ਸਿੰਘ ਦੇ ਕਾਤਲ ਪੁਲਸੀਏ ਗ੍ਰਿਫਤਾਰ ਕਰ ਲਏ

ਅੰਮ੍ਰਿਤਸਰ 29 —ਐਸ. ਪੀ. ਸਿਟੀ ਸ: ਹਰਜੀਤ ਸਿੰਘ ਨੇ ਦਸਿਆਂ ਹੈ ਕਿ ਜਗਜੀਤ ਸਿੰਘ ਕਤਲ ਕੇਸ ਵਿਚ ਸੀ. ਆਈ. ਏ. ਸਟਾਫ ਦੇ ਚਾਰ ਪੁਲਸ ਕਰਮਚਾਰੀਆਂ ਇੰਸਪੈਕਟਰ ਕੁਲਵੰਤ ਸਿੰਘ ਏ. ਐਸ. ਆਈ. ਪਰਮਾਨੰਦ ਹੈਡ-ਕਾਸਟੇਬਲ ਮਦਨ ਲਾਲ ਅਤੇ ਕਾਸਟੇਬਲ ਸਵਰਨ ਸਿੰਘ ਨੂੰ ਧਾਰਾ 302 ਦੇ ਅਧੀਨ ਗਿਰਫਤਾਰ ਕਰ ਲਿਆ ਗਿਆ ਹੈ। ਇਹਨਾਂ ਨੂੰ ਸਰੀਰਿਕ ਰਿਮਾਂਡ ਲਈ ਕਲ ਅਦਾਲਤ ਵਿਚ ਪੇਸ਼ ਕੀਤਾ ਜਾਏਗਾ। ਤਾਂ ਕਿ ਉਹਨਾਂ ਕੋਲੋਂ ਜਗਜੀਤ ਸਿੰਘ ਦੀ ਲਾਸ਼ ਬਰਾਮਦ ਕੀਤੀ ਜਾਏ।

ਜਾਂਚ ਵਿਚ ਪਤਾ ਲਗਾ ਹੈ ਕਿ ਮੁਲਾਜ਼ਮਾਂ ਨੇ ਜਗਜੀਤ ਸਿੰਘ ਦੀ ਮੌਤ ਦੇ ਬਾਦ ਉਸਦੀ ਲਾਸ਼ ਹਰੀ ਦੇ ਪਤਨ ਦੇ ਨਹਿਰ ਵਿਚ ਸੁਟ ਦਿਤੀ। ਇਸ ਨਹਿਰ ਦਾ ਪਾਣੀ ਇਤਨਾ ਤੇਜ਼ ਹੈ ਕਿ ਦੋ-ਚਾਰ ਮਿੰਟਾਂ ਵਿਚ ਹੀ ਰੋੜੀ ਚੀਜ਼ ਦੋ ਮੀਲ ਦੂਰ ਚਲੀ ਜਾਂਦੀ ਹੈ ਅਤੇ ਇਸ ਦਾ ਕੋਈ ਨਿਸ਼ਾਨ ਬਾਕੀ ਨਹੀਂ ਰਹਿੰਦਾ। ਇਹ ਨਹਿਰ ਰਾਜਸਥਾਨ ਵਿਚ ਜਾ ਕੇ ਖਤਮ ਹੁੰਦੀ ਹੈ। ਅਤੇ ਇਤਨੇ ਸਮੇਂ ਵਿਚ ਲਾਸ਼ ਇਨੀ ਗਲ-ਸੜ ਜਾਂਦੀ ਹੈ ਕਿ ਇਸ ਨੂੰ ਮਛਲੀਆ ਖਾਂ ਜਾਂਦੀਆਂ ਹਨ। ਇਸ ਕੇਸ ਵਿਚ ਐਸ. ਪੀ. ਡਿਟੇਕਟਿਵ ਸ੍ਰੀ ਏ. ਪੀ. ਪਾਂਡੇ ਦੀ ਗਵਾਹੀ ਵੀ ਹੋਏਗੀ ਕਿ ਜਿਹਨਾਂ ਦੇ ਇਹ ਮੰਨਿਆਂ ਹੈ ਕਿ ਜਗਜੀਤ ਸਿੰਘ ਜਾਂਚ ਲਈ ਕੁਲਵੰਤ ਸਿੰਘ ਦੇ ਕੋਲ ਸੀ।

## ਦਲ ਦੇ ਫੈਸਲੇ ਦੀ ਤਿੱਖੀ ਆਲੋਚਨਾ

ਅੰਮ੍ਰਿਤਸਰ:—ਅਕਾਲੀ ਦਲ ਵਲੋਂ ਮੋਰਚੇ ਦੀ ਨਵੀਂ ਨੀਤੀ ਦਾ ਐਲਾਨ 26 ਜਨਵਰੀ ਨੂੰ ਕਰਨ ਦੇ ਫੈਸਲੇ ਦੀ ਇਥੇ ਤਿੱਖੀ ਆਲੋਚਨਾ ਕੀਤੀ ਜਾ ਰਹੀ ਹੈ ਅਤੇ ਇਹ ਧਾਰਨਾ ਆਮ ਹੀ ਪਾਈ ਜਾ ਰਹੀ ਹੈ ਕਿ ਅਕਾਲੀਆਂ ਵਿਚ ਹੁਣ ਮੋਰਚਾ ਜਾਰੀ ਰੱਖਣ ਦੀ ਤਾਕਤ ਨਹੀਂ ਰਹਿ ਗਈ।

ਮੋਰਚੇ ਨੂੰ ਜਾਰੀ ਰੱਖਣ ਵਿਚ ਆਰਥਿਕ ਪਹਿਲੂ ਵੀ ਕਾਫੀ ਮਹੱਤਵ ਰੱਖਦਾ ਹੈ। ਸਮਝਿਆ ਜਾ ਰਿਹਾ ਹੈ ਕਿ ਅਕਾਲੀ ਮੋਰਚੇ ਲਈ ਹੁਣ ਆਰਥਿਕ ਸਮੱਸਿਆਵਾਂ ਪੈਦਾ ਹੋ ਗਈਆਂ ਹਨ।

## ਨੌਵਾਂ ਪੰਜਾਬੀ ਫਿਲਮ ਮੇਲਾ ਅਪਰੈਲ 1983 ਵਿਚ

ਚੰਡੀਗੜ੍ਹ:—ਪੰਜਾਬ ਨਾਟ ਸੰਘ ਨੇ ਨੌਵਾਂ ਪੰਜਾਬੀ ਫਿਲਮ ਮੇਲਾ ਅਪਰੈਲ 1983 ਵਿਚ ਕਰਨ ਦਾ ਫੈਸਲਾ ਕੀਤਾ ਹੈ। ਜਿਸ ਵਿਚ ਪਿਛਲੇ ਪੰਜ ਸਾਲਾਂ ਵਿਚ ਪ੍ਰਦਰਸ਼ਤ ਹੋਈਆਂ ਵਧੀਆ ਪੰਜਾਬੀ ਫਿਲਮਾਂ ਅਤੇ ਇਸ ਸਾਲ ਰਿਲੀਜ਼ ਹੋ ਰਹੀਆਂ ਪੰਜਾਬੀ ਫਿਲਮਾਂ ਦੇ ਨਿਰਮਾਤਾਵਾਂ, ਨਿਰਦੇਸ਼ਕਾਂ ਅਤੇ ਮੁਖ ਕਲਾਕਾਰਾਂ ਨੂੰ ਇਨਾਮ ਦੇਕੇ ਸਨਮਾਨਤ ਕੀਤਾ ਜਾਏਗਾ।

ਨਾਟ ਸੰਘ ਦੇ ਪ੍ਰਧਾਨ ਗੁਰਚਰਨ ਸਿੰਘ ਦੇਵ ਨੇ ਇਹ ਐਲਾਨ ਕਰਦੇ ਹੋਏ ਦੱਸਿਆ ਕਿ ਇਸ ਮੇਲੇ ਵਿਚ ਪਾਕਿਸਤਾਨ ਦੇ ਫਿਲਮੀ ਕਲਾਕਾਰਾਂ ਨੂੰ ਵੀ ਸ਼ਾਮਲ ਹੋਣ ਦਾ ਸੱਦਾ ਦਿਤਾ ਜਾਏਗਾ।

ਨੌਵੇ ਮੇਲੇ ਦੀ ਪ੍ਰਧਾਨਗੀ ਚੋਟੀ ਦਾ ਫਿਲਮ ਅਭਿਨੇਤਾ ਕਰੇਗਾ ਜਦ ਕਿ ਮੁਖ ਪ੍ਰਾਹੁਣਾ ਬਣਨ ਲਈ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਬੇਨਤੀ ਕੀਤੀ ਜਾਏਗੀ।

ਸ੍ਰੀ ਦੇਵ ਨੇ ਦੱਸਿਆ ਕਿ ਐਮਰਜੈਂਸੀ ਵਿਚ ਮੇਲੇ ਤੇ ਰੋਕ ਲਾਈ ਗਈ ਸੀ ਤੇ ਬਾਦ 'ਚ ਪੰਜਾਬ ਸਰਕਾਰ ਨੇ ਇਹ ਕੰਮ ਆਪਣੇ ਹੱਥ ਵਿਚ ਲੈ ਕੇ ਪੰਜਾਬੀ ਫਿਲਮਾਂ ਤੇ ਕਲਾਕਾਰਾਂ ਨੂੰ ਸਨਮਾਨਤ ਕਰਨ ਦਾ ਐਲਾਨ ਕੀਤਾ ਸੀ ਜਿਸ ਕਾਰਨ ਨਾਟ ਸੰਘ ਪਿਛੇ ਹਟ ਗਿਆ। ਪਰ ਸਰਕਾਰ ਮਹਾਰਾਸ਼ਟਰ, ਮਦਰਾਸ ਤੇ ਬੰਗਾਲ ਆਦਿ ਰਾਜ ਸਰਕਾਰਾਂ ਵਾਂਗ ਮੇਲੇ ਕਰਨ ਤੋਂ ਅਸਮਰਥ ਰਹੀ ਹੈ ਜਿਸ ਕਰਕੇ ਨਾਟ ਸੰਘ ਨੂੰ ਹੁਣ ਫਿਰ ਮੈਦਾਨ ਵਿਚ ਆਉਣਾ ਪਿਆ ਹੈ

## 2 ਲੱਖ ਏਕੜ ਜ਼ਮੀਨ ਬੇਜ਼ਮੀਨਿਆਂ 'ਚ ਵੰਡੀ

ਬਰੇਟਾ:—ਪੰਜਾਬ ਵਿਚ 20 ਨੁਕਾਤੀ ਆਰਥਿਕ ਪ੍ਰੋਗਰਾਮ ਅਨੁਸਾਰ ਹੁਣ ਤੱਕ ਤਕਰੀਬਨ 2 ਲੱਖ 89 ਹਜ਼ਾਰ ਏਕੜ ਭੂਮੀ ਕੱਢੀ ਗਈ ਜਿਸ ਵਿਚੋਂ 2 ਲੱਖ 12 ਹਜ਼ਾਰ ਏਕੜ ਭੂਮੀ 64 ਹਜ਼ਾਰ ਬੇਜ਼ਮੀਨੇ ਪਰਵਾਰਾਂ ਨੂੰ ਵੰਡੀ ਗਈ। ਇਹ ਜਾਣਕਾਰੀ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਗੁਲਜ਼ਾਰ ਸਿੰਘ ਨੇ ਜ਼ਿਲਾ ਬਠਿੰਡਾ ਦੇ ਪਿੰਡ ਪੂਹਲਾ ਵਿਖੇ ਇਕ ਮੀਟਿੰਗ ਨੂੰ ਸੰਬੋਧਨ ਕਰਦੇ ਸਮੇਂ ਦਿਤੀ। ਉਨ੍ਹਾਂ ਕਿਹਾ ਕਿ ਖੇਤੀ ਦੀ ਸੰਜਾਈ ਲਈ ਕਈ ਸਕੀਮਾਂ 20 ਨੁਕਾਤੀ ਪਰੋਗਰਾਮ ਵਿਚ ਸ਼ਾਮਲ ਕੀਤੀਆਂ ਗਈਆਂ ਹਨ। ਪੰਜਾਬ ਦੀ ਵਾਹੀ ਯੋਗ ਭੂਮੀ ਦੇ ਲਗਭਗ 80 ਪ੍ਰਤੀਸ਼ਤ ਤੋਂ ਵੱਧ ਹਿੱਸੇ ਨੂੰ ਨਹਿਰਾਂ ਅਤੇ ਟਿਊਬਵੈੱਲਾਂ ਰਾਹੀਂ ਪਾਣੀ ਮਿਲਦਾ ਹੈ।

## ਬ੍ਰਿਟਿਸ਼ ਪਾਰਲੀਮੈਂਟ 'ਚ ਥੈਚਰ ਸਰਕਾਰ ਨੂੰ ਹਾਰ

ਲੰਦਨ:- ਬਰਤਾਨੀਆਂ ਦੇ ਪ੍ਰਵਾਸੀ ਕਾਨੂੰਨ ਵਿਚ ਸੋਧ ਕਰਨ ਦੇ ਸਵਾਲ ਉਤੇ ਹਾਊਸ ਆਫ ਕਾਮਨਜ਼ ਵਿਚ ਥੈਚਰ ਸਰਕਾਰ ਨੂੰ 292-272 ਵੋਟਾਂ ਦੇ ਫਰਕ ਨਾਲ ਹਾਰ ਦਾ ਮੂੰਹ ਦੇਖਣਾ ਪਿਆ। ਥੈਚਰ ਸਰਕਾਰ ਨੂੰ 1979 ਪਿਛੋਂ ਪਹਿਲੀ ਵੇਰ ਹਾਰ ਹੋਈ ਹੈ।

ਬਰਤਾਨਵੀ ਸਰਕਾਰ ਪ੍ਰਵਾਸੀ ਨਿਯਮਾਂ ਵਿਚ ਢਿਲ ਦੇਕੇ ਬਰਤਾਨੀਆਂ ਦੀਆਂ ਨਾਗਰਿਕ ਔਰਤਾਂ ਨੂੰ ਮੰਗੇਤਰ ਪਤੀ ਬਾਹਰੋਂ ਮੰਗਾਉਣ ਦੀ ਇਜਾਜ਼ਤ ਦੇਣਾ ਚਾਹੁੰਦੀ ਸੀ ਪਰ ਲੇਬਰ ਪਾਰਟੀ ਅਤੇ ਹਾਕਮ ਪਾਰਟੀ ਦੇ 23 ਮੈਂਬਰਾਂ ਨੇ ਸਰਕਾਰ ਦੀ ਇਸ ਨੀਤੀ ਨੂੰ ਨਸਲ ਪ੍ਰਸਤੀ ਦੀ ਨੀਤੀ ਕਰਾਰ ਦਿਤਾ ਅਤੇ ਸਰਕਾਰ ਨੂੰ ਹਰਾ ਦਿਤਾ।

ਇਸ ਹਾਰ ਨਾਲ ਸ੍ਰੀਮਤੀ ਥੈਚਰ ਦੀ ਸਰਕਾਰ ਉਤੇ ਕੋਈ ਅਸਰ ਨਹੀਂ ਪਵੇਗਾ ਕਿਉਂਕਿ ਇਸਨੂੰ ਬੇਭਰੋਸਗੀ ਦਾ ਮਤਾ ਕਰਾਰ ਨਹੀਂ ਦਿਤਾ ਜਾ ਸਕਦਾ।

## ਹਾਈਕੋਰਟ ਮੁਲਾਜ਼ਮ 58 ਸਾਲ ਦੀ ਉਮਰ 'ਚ ਰਿਟਾਇਰ ਹੋਣਗੇ

ਚੰਡੀਗੜ੍ਹ:—ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਆਪਣੇ ਮੁਲਾਜ਼ਮਾਂ ਦੀ ਉਮਰ ਦੀ ਹੱਦ 60 ਸਾਲ ਤੋਂ ਘਟਾ ਕੇ 58 ਸਾਲ ਕਰਨ ਦਾ ਫੈਸਲਾ ਕੀਤਾ ਹੈ। ਹਾਈਕੋਰਟ ਨੇ 1978 ਵਿਚ ਮੁਲਾਜ਼ਮਾਂ ਦੀ ਉਮਰ ਦੀ ਹੱਦ 58 ਸਾਲ ਤੋਂ ਵਧਾ ਕੇ 60 ਸਾਲ ਕਰਨ ਦਾ ਫੈਸਲਾ ਕੀਤਾ ਸੀ ਪਰ ਅਕਾਊਂਟੈਂਟ ਜਨਰਲ ਨੇ ਇਸ ਕਾਰਵਾਈ ਨੂੰ ਭਾਰਤੀ ਸੰਵਿਧਾਨ ਦੀ ਧਾਰਾ 229(2) ਦੀ ਉਲੰਘਣਾ ਕਰਾਰ ਦਿਤਾ ਸੀ ਅਤੇ ਪੈਨਸ਼ਨਾਂ ਪ੍ਰਵਾਨ ਕਰਨ ਤੋਂ ਨਾਹ ਕਰ ਦਿਤੀ ਸੀ।

## ਵੀਤਨਾਮ ਭਾਰਤ ਨੂੰ ਸੀਮੈਂਟ ਤੇ ਕਾਜੂ ਸਪਲਾਈ ਕਰੇਗਾ

ਨਵੀਂ ਦਿੱਲੀ :—ਭਾਰਤ ਅਤੇ ਵੀਤਨਾਮ ਨੇ ਅੱਜ ਇਥੇ 60 ਲੱਖ ਡਾਲਰਾਂ ਦੇ ਮੁਲ ਦੀਆਂ ਵਸਤਾਂ ਦੇ ਵਪਾਰ ਬਾਰੇ ਇਕ ਸਮਝੌਤੇ ਤੇ ਦਸਖਤ ਕੀਤੇ ਹਨ।

ਇਸ ਸਮਝੌਤੇ ਉਤੇ ਭਾਰਤ ਦੇ ਵਪਾਰ ਸਕੱਤਰ ਆਬਿਦ ਹੁਸੈਨ ਅਤੇ ਵੀਅਤਨਾਨੀ ਉਪ ਬਦੇਸ਼ ਮੰਤਰੀ ਦਾਓ ਗੋ ਸੁਆਨ ਨੇ ਦਸਖਤ ਕੀਤੇ।

ਭਾਰਤ ਇਸ ਸਮਝੌਤੇ ਅਨੁਸਾਰ ਵੀਅਤਨਾਮ ਨੂੰ ਕਾਸਟਿਕ ਸੋਡਾ, ਸੂਤੀ ਧਾਗਾ, ਕੀੜੇ ਮਾਰ ਦਵਾਈਆਂ, ਇਹਨਾਂ ਦਵਾਈਆਂ ਲਈ ਹੋਰ ਮਾਲ, ਟੈਕਸਟਾਈਲ ਮਸ਼ੀਨਰੀ ਲਈ ਪੁਰਜ਼ੇ ਅਤੇ ਸਨਅਤੀ ਕੰਮਾਂ ਲਈ ਰਸਾਇਣਕ ਪਦਾਰਥ ਭੇਜੇਗਾ। ਜਦ ਕਿ ਵੀਤਨਾਮ ਭਾਰਤ ਨੂੰ ਸੀਮੈਂਟ, ਰਬੜ ਅਤੇ ਕਾਜੂ ਦੀਆਂ ਗਿਰੀਆਂ ਦੇਵੇਗਾ।



## ਗੁਰੂ ਗੋਬਿੰਦ ਸਿੰਘ ਸਤੰਭ

ਕੋਟਕਪੂਰਾ:-ਗੁਰੂ ਗੋਬਿੰਦ ਸਿੰਘ ਤੇ ਪੈਂਦੇ ਸਾਰੇ ਮਹੱਤਵ ਪੂਰਨ ਸ਼ਹਿਰਾਂ ਜਾਂ ਪਿੰਡਾਂ ਵਿਚ ਉਸ ਵੇਲੇ ਦੀ ਪੰਜਾਬ ਸਰਕਾਰ ਵਲੋਂ ਕੁਝ ਸਤੰਭ ਬਣਾਏ ਗਏ ਸਨ। ਅਜਿਹਾ ਹੀ ਇਕ ਸਤੰਭ ਸਥਾਨਕ ਬੱਸ ਸਟੈਂਡ ਤੇ ਬਣਿਆ ਹੋਇਆ ਹੈ। ਇਸ ਸਤੰਭ ਤੇ ਆਲੇ ਦੁਆਲੇ ਦੀ ਦੇਖ ਭਾਲ ਕਿਸ ਨੇ ਕਰਨੀ ਸੀ, ਪਾਲਿਕਾ ਨੇ ਜਾਂ ਲੋਕ ਨਿਰਮਾਣ ਵਿਭਾਗ ਨੇ, ਇਹ ਗੱਲ ਦੋਵਾਂ ਲਈ ਇਕ ਲੰਮਾ ਸਮਾਂ ਬੁਝਾਰਤ ਬਣੀ ਰਹੀ ਤੇ ਇਸਦੇ ਆਲੇ ਦੁਆਲੇ ਏਨਾਂ ਗੰਦ ਫੈਲ ਗਿਆ ਕਿ ਕੁਝ ਧਾਰਮਿਕ ਭਾਵਨਾਵਾਂ ਰਖਣ ਵਾਲੇ ਲੋਕਾਂ ਦੇ ਦਿਲਾਂ ਨੂੰ ਹੀ ਠੇਸ ਨਹੀਂ ਸੀ ਪੁਜਦੀ ਸਗੋਂ ਕੁਝ ਸੁਹਜ ਸੁਆਦ ਰੱਖਣ ਵਾਲੇ ਵਿਆਕਤੀ ਵੀ ਦੁਖੀ ਹੁੰਦੇ ਸਨ। ਲੋਕ ਨਿਰਮਾਣ ਵਿਭਾਗ ਨੇ ਇਸਦਾ ਆਲਾ ਦੁਆਲਾ ਤਾਂ ਸਾਫ ਕਰ ਦਿਤਾ ਪਰ ਚਾਹੀਦਾ ਹੈ ਕਿ ਇਥੇ ਖੂਬਸੂਰਤ ਫੁੱਲ ਪੌਦੇ ਲਾਏ ਜਾਣ ਤਾਂ ਕਿ ਇਸਦੇ ਚੌਗਿਰਦੇ ਦੀ ਹਰਿਆਵਲ ਇਸ ਦੇ ਦਿਲ ਕਸ਼ ਆਰਕੀਟੈਕਚਰ ਨਾਲ ਮੇਲ ਖਾ ਸਕੇ।

# PABLA

## HAPPY NEW YEAR
## CLOTH HOUSE
**& GIFTWEAR**
*6496 MAIN ST*
*VANCOUVER*
321-5011 321 - 5311




## SALE
**Unbelievable Price Reduction**
*Many items on special clearance sale*

## Sarees
**Give-away Prices**
**Just Bring a small Purse and fill**

## BIG Bag

**TOP QUALITIES**
Never before sold in stores

People say **PABLA** is the **Best,Biggest and Cheapest'**
Visit us you'll also say so

Super Selection in Punjabi suits with Matching Duppattas

**Don't forget to participate in our lucky draw tickets of video recorder**

ਮਠਿਆਈ ਦੀ ਸਭ ਤੋਂ ਵੱਡੀ ਦੁਕਾਨ ਸਵਾਦੀ ਤੇ ਵਧੀਆ
ਮਠਿਆਈ ਦਾ ਕਾਰਖਾਨਾ

ਮੁਬਾਰਕ ਨਵਾਂ ਸਾਲ

# ਹਿਮਾਲਾ ਰੈਸਟੋਰੈਂਟ

ਫੋਨ 324-6514
327-1888

**6595 MAIN ST. VANCOUVER.**

ਸਪੈਸ਼ਲ
4 ਪੌਂਡ ਮਠਿਆਈ ਖਰੀਦੋ —
ਇਕ ਪੌਂਡ ਲੱਡੂ ਜਾਂ ਇਕ ਪੌਂਡ
ਜਲੇਬੀਆਂ ਤੋਹਫੇ ਦੇ ਤੌਰ ਤੇ ਖਰੀਦੋ

ਨਵੇਂ ਸਾਲ ਲਈ ਮਠਿਆਈਆਂ ਦਾ
ਬਜ਼ਾਰ ਸਜ ਗਿਆ
ਆਪਣੇ ਮਿਤਰਾਂ ਅਤੇ ਸਬੰਧੀਆਂ ਦਾ
ਮਠਿਆਈਆਂ ਨਾਲ ਮੂੰਹ ਮਿਠਾ
ਕਰਾਉ ਤੇ ਆਪ ਕਰੋ




ਕੇਵਲ ਸਿੰਘ ਪਾਬਲਾ ਭਾਰਤੀ ਖਾਣਿਅ
ਅਤੇ ਮਠਿਆਈਆਂ ਦੇ ਮਾਹਰ


ਜਗਮੋਹਨ ਸਿੰਘ ਪਾਬਲਾ
ਭਾਰਤੀ ਖਾਣਿਆਂ ਦੇ ਮਾਸਟਰ



# ਗਾਥਾ 'ਜਲਮੁਰਾਰੀ' ਦੇ ਡੁਬਣ ਦੀ..........

ਵੀਰਵਾਰ 16 ਦਸੰਬਰ ਨੂੰ ਭਾਰਤੀ ਕੰਪਨੀ ਸਕੈਂਡੀਆ ਸਟੀਮਸ਼ਿਪ ਨੇਵੀਗੇਸ਼ਨ ਲਿਮਟਿਡ ਦਾ ਭਾਰ ਢੋਣ ਵਾਲਾ ਜਹਾਜ਼ ਦੁਰਘਟਨਾ ਗ੍ਰਸਤ ਹੋਇਆ ਜਿਸ ਵਿਚ ਜਹਾਜ਼ ਦੇ ਚੀਫ਼ ਇੰਜਨੀਅਰ ਸ਼ੈਟੀ ਦੀ ਮੌਤ ਹੋ ਗਈ। ਇਸ ਜਹਾਜ਼ ਵਿਚ ਹਜ਼ਾਰ ਮੈਂਬਰਾਂ ਦੀ ਖੁਸ਼ਕਿਸਮਤੀ ਸੀ ਕਿ ਸਮੁੰਦਰੀ ਬੇੜੇ ਦੇ ਬਚਾਅ ਕਰਨ ਵਾਲੇ ਜਹਾਜ਼ 'ਤਿਮੂਰ ਗਰਲ' ਨੇ ਵੇਲੇ ਸਿਰ ਮਦਦ ਤੇ ਪਹੁੰਚ ਕੇ ਜਾਨੀ ਮਾਲ ਦਾ ਨੁਕਸਾਨ ਹੋਣ ਤੋਂ ਬਚਾਅ ਲਿਆ। ਬਚਾਅ ਦੇ ਕਾਰਵਾਈ ਦੇ ਬਾਅਦ ਹੀ ਚੀਫ਼ ਇੰਜਨੀਅਰ ਸ਼ੈਟੀ ਦੀ ਮੌਤ ਦਿਲ ਫੇਲ੍ਹ ਕਾਰਨ ਹੋਣ ਦੀ ਸੰਭਾਵਨਾ ਦੱਸੀ ਜਾਂਦੀ ਹੈ। ਬਾਕੀ ਸਾਰੇ ਮੈਂਬਰ ਠੀਕ ਹਨ। ਇਸ ਵਿਚ 60 ਵਿਅਕਤੀ ਸਨ ਜਿਨ੍ਹਾਂ ਵਿਚ ਦੋ ਔਰਤਾਂ ਤੇ ਇਕ ਬੱਚਾ ਬਬਲੂ ਵੀ ਸ਼ਾਮਲ ਹੈ।

'ਜਲਮੁਰਾਰੀ' ਸੁਕੈਮਿਸ਼ ਤੋਂ ਮੰਗਲਵਾਰ 14 ਦਸੰਬਰ ਨੂੰ ਪਲਪ ਤੇ ਬੋਰੈਕਸ ਲੱਦ ਕੇ ਤੁਰਿਆ। ਜਿਸ ਵੇਲੇ ਇਸ ਵਿਚ ਗਲੀਆਂ ਰਾਹੀਂ ਪਾਣੀ ਦਾਖਲ ਹੋਇਆ ਤਾਂ ਪਲਪ ਨੇ ਫੈਲਣਾ ਸ਼ੁਰੂ ਕਰ ਦਿਤਾ ਤੇ ਪੰਪ ਬੰਦ ਹੋ ਗਏ। ਇਹ ਮੁਸ਼ਕਲ 7 ਵਜੇ ਮੰਗਲਵਾਰ ਸ਼ਾਮ ਨੂੰ ਹੀ ਖੜੀ ਹੋ ਗਈ। ਇਸ ਦਾ ਕਾਰਨ ਸਮੁੰਦਰ ਵਿਚ ਤੂਫਾਨ ਸੀ ਜਿਸ ਵੇਲੇ ਤੂਫਾਨ 93 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਚੱਲ ਰਿਹਾ ਸੀ।



ਕੈਪਟਨ ਸੱਜਣ ਸਿਘ



ਚੀਫ਼ ਇੰਜਨੀਅਰ ਮਿਸਟਰ ਸ਼ੈਟੀ ਜੋ ਹਾਦਸੇ ਦਾ ਸ਼ਿਕਾਰ ਹੋ ਗਏ।

## ਪਾਕਿ 'ਚ ਮੁਜ਼ਾਹਰੇ

ਭਿਖਵਿੰਡ:—ਪਾਕਿਸਤਾਨ ਵਿਚ ਹੁਣ ਜਨਰਲ-ਜ਼ਿਆ-ਉਲ-ਹੱਕ ਦੇ ਵਿਰੁਧ ਪਾਕਿ ਜਨਤਾ ਵਿਚ ਭਾਰੀ ਰੋਹ ਪਾਇਆ ਜਾਂਦਾ ਹੈ। ਕਰਾਚੀ ਵਿਖੇ ਆਪੋਜ਼ੀਸ਼ਨ ਪਾਰਟੀਆਂ ਦੇ ਵਰਕਰਾਂ ਨੇ ਇਕ ਜ਼ਬਰਦਸਤ ਮੁਜ਼ਾਹਰਾ ਕੀਤਾ ਜਿਸ ਵਿਚ ਹਜ਼ਾਰਾਂ ਲੋਕ ਸ਼ਾਮਲ ਹੋਏ। ਵਿਖਾਵਾਕਾਰੀ ਮੰਗ ਕਰ ਰਹੇ ਸਨ ਕਿ ਪਾਕਿਤਸਾਨ ਵਿਚ ਲੋਕ-ਤੰਤਰ ਬਹਾਲ ਕੀਤਾ ਜਾਵੇ ਚੋਣਾਂ ਤੁਰੰਤ ਕਰਾਈਆ ਜਾਣ ਤੇ ਬੇਨਜ਼ੀਰ ਭੁੱਟੋ, ਅਸਗਰ ਖਾਨ, ਅਜੀਜ ਖਾਨ ਸਾਰੇ ਰਾਜਸੀ ਕੈਦੀਆਂ ਨੂੰ ਬਿਨਾਂ ਸ਼ਰਤ ਰਿਹਾ ਕੀਤਾ ਜਾਵੇ।

ਪੁਲਿਸ ਨੇ ਮੁਜ਼ਾਹਰਕਾਰੀਆਂ ਤੇ ਅੰਧਾ ਧੁੰਦ ਲਾਠੀਚਾਰਜ ਕੀਤਾ ਜਿਸ ਕਾਰਨ 100 ਦੇ ਕਰੀਬ ਆਪੋਜੀਸ਼ਨ ਹਮਾਇਤੀ ਜ਼ਖਮੀ ਹੋ ਗਏ। ਇਸਤੇ ਵਿਖਾਵਾਕਾਰੀ ਵੀ ਹਿੰਸਾ ਤੇ ਉਤਾਰੂ ਹੋ ਗਏ ਜਿਸ ਕਾਰਨ ਦਰਜਨ ਦੇ ਕਰੀਬ ਪੁਲਸੀਏ ਵੀ ਜਖਮੀ ਹੋ ਗਏ।

## 'ਮਾਵਾਂ ਠੰਡੀਆਂ ਛਾਵਾਂ'

ਟਰਾਂਟੋ— ਟਰਾਂਟੋ ਵਿਚ ਇਕ ਨਵ-ਜਨਮੀ ਬੱਚੀ ਨੂੰ ਜਨਮ ਦੇਕੇ ਇਕ ਮਾਂ ਠੰਡ ਵਿਚ ਉਸਨੂੰ ਟਰੇਲਰ ਥੱਲੇ ਸੁੱਟ ਕੇ ਤੁਰਦੀ ਹੋਈ। ਕੋਲੋਂ ਲੰਘਦੇ ਇਕ ਫੈਕਟਰੀ ਕਾਮੇ ਨੇ ਸਵੇਰੇ ਸੱਤ ਵਜੇ ਕੰਮ ਤੇ ਜਾਂਦਿਆਂ ਇਹ ਭਾਣਾ ਵਰਤਿਆ ਦੇਖਿਆ ਤਾਂ ਰੀਪੋਰਟ ਕੀਤੀ। ਬੱਚੀ ਸਾਢੇ ਪੰਜ ਪੌਂਡ ਦੀ ਸੀ ਤੇ ਹਸਪਤਾਲ ਵਾਲਿਆਂ ਉਸਦਾ ਨਾਂ ਡਾਨ ਐਲਿਜ਼ਬਿਥ ਲੀਅ ਰੱਖਿਆ ਹੈ। ਤਾਪਮਾਨ ਉਸ ਸਮੇਂ ਸਿਫ਼ਰ ਤੋਂ ਥੱਲੇ ਸੀ ਜਦ ਇਸ ਬੱਚੀ ਨੂੰ ਹਸਪਤਾਲ ਲਿਆਂਦਾ ਗਿਆ।

ਪੁਲੀਸ ਮਾਂ ਦੀ ਭਾਲ ਕਰ ਰਹੀ ਹੈ। ਪਰ ਕੈਨੇਡਾ ਦੇ ਹਰ ਸ਼ਹਿਰ ਤੋਂ ਉਸਨੂੰ ਅਪਨਾਉਣ ਦੀ ਮੰਗ ਜ਼ੋਰ ਫੜ ਰਹੀ ਹੈ। ਕ੍ਰਿਸਮਿਸ ਸਮੇਂ ਤੋਹਫ਼ਿਆਂ ਨਾਲ ਬੱਚੀ ਨੂੰ ਲੱਦ ਦਿਤਾ ਗਿਆ।

## ਕਮਿਊਨਿਸਟ ਵਿਚਾਰਧਾਰਾ ਪ੍ਰਚਾਰਨ ਦੇ ਦੋਸ਼ 'ਚ ਤੁਰਕੀ ਦੇ 17 ਲੇਖਕ ਗ੍ਰਿਫਤਾਰ

ਇਸਤਨਬੋਲ (ਏ. ਪੀ.) ਤੁਰਕੀ ਦੇ ਇਕ ਉਘੇ ਲੇਖਕ ਅਜ਼ੀਜ਼ ਨੇਸਿਨ ਅਤੇ ਤੁਰਕੀ ਲੇਖਕ ਯੂਨੀਅਨ ਦੇ 17 ਹੋਰ ਮੈਂਬਰਾਂ ਨੂੰ ਕਮਿਊਨਿਸਟ ਵਿਚਾਰਧਾਰਾ ਅਪਨਾਉਣ ਅਤੇ ਆਪਣੀ ਵਿਚਾਰਧਾਰਾ ਦੇ ਹਕ ਵਿਚ ਲਿਖਣ ਤੇ ਫੌਜੀ ਜੁੰਡੀ ਨੇ ਦੋਸ਼ੀ ਠਹਿਰਾਇਆ ਹੈ। ਇਹਨਾਂ ਵਿਚ ਇਕ ਵਕੀਲ ਇਕ ਪਤਰਕਾਰ ਅਤੇ 16 ਨਾਵਲਕਾਰ ਤੇ ਸ਼ਾਇਰ ਹਨ।

ਗ੍ਰਿਫਤਾਰ ਕੀਤੇ ਗਏ ਇਹਨਾਂ ਇਨਕਲਾਬੀਆਂ ਉਤੇ ਫੌਜ ਦੀ ਇਕ ਮਾਰਸ਼ਲ ਲਾਅ ਅਦਾਲਤ ਵਿਚ ਜਲਦੀ ਹੀ ਮੁਕੱਦਮਾ ਚਲਾਏ ਜਾਣ ਦੀ ਸੰਭਾਵਨਾ ਹੈ। ਇਹਨਾਂ ਅਦੀਬਾਂ ਨੂੰ ਅਜੇ ਗ੍ਰਿਫਤਾਰ ਨਹੀਂ ਕੀਤਾ ਗਿਆ ਤਾਂ 18 ਹੀ ਇਨਕਲਾਬੀਆਂ ਨੂੰ 15-15 ਸਾਲ ਜੇਹਲ ਵਿਚ ਭੇਜਿਆ ਜਾ ਸਕਦਾ ਹੈ।

1980 ਦੇ ਰਾਜਪਲਟੇ ਤੋਂ ਬਾਅਦ ਇਸ ਯੂਨੀਅਨ ਤੇ ਪਾਬੰਦੀ ਨਹੀਂ ਸੀ ਲਾਈ ਗਈ, ਪਰ ਸਰਗਰਮੀਆਂ ਘਟਾ ਦਿਤੀਆਂ ਗਈਆਂ ਸਨ।

## 'ਦੂਰ ਨਹੀਂ ਨਨਕਾਣਾ'

ਇੰਦਰਜੀਤ ਹਸਨਪੁਰੀ ਦੀ 'ਦਾਜ' ਤੇ ਬੂਟਾ ਸਿੰਘ ਸ਼ਾਦ ਦੀ 'ਸੈਦਾ ਜੋਗਣ' ਦੀ ਹੀਰੋਇਨ ਦਲਜੀਤ ਕੌਰ ਹੁਣ ਸਵਰਨ ਸਿੰਘ ਦੀ 'ਦੂਰ ਨਹੀਂ ਨਨਕਾਣਾ' ਵਿਚ ਆ ਰਹੀ ਹੈ। ਸੰਗੀਤ ਸੋਨਿਕ ਓਮੀ ਦਾ ਹੈ। ਲੇਖਕ ਹੈ ਕੇ. ਅੱਪੂ। ਸਵਰਨ ਸਿੰਘ ਕੰਵਰ ਛੇਤੀ ਹੀ ਪਾਕਿਸਤਾਨ ਵਿਚ ਸ਼ੂਟਿੰਗ ਲਈ ਜਾ ਰਿਹਾ ਹੈ।

## ਬੋਲੇ ਵੀ ਸੁਣ ਸਕਣਗੇ

ਨਵੀਂ ਦਿੱਲੀ:- ਸਾਇੰਸ ਨੇ ਬੋਲਿਆਂ ਲਈ ਸੁਣਨ ਦਾ ਸੁਪਨਾ ਸਾਕਾਰ ਕਰ ਵਖਾਇਆ ਹੈ। ਭਾਰਤੀ ਪਾਰਲੀਮੈਂਟ ਵਲੋਂ ਕੰਨਾਂ ਦੇ ਪੜਦੇ ਅਤੇ ਹੱਡੀਆਂ ਆਦਿ ਦੇ ਤਬਾਦਲੇ ਬਾਰੇ ਪਾਸ ਕੀਤੇ ਗਏ ਬਿਲ ਨੂੰ ਰਾਸ਼ਟਰਪਤੀ ਦੀ ਪ੍ਰਵਾਨਗੀ ਮਿਲ ਚੁੱਕੀ ਹੈ ਅਤੇ ਹੁਣ ਇਸ ਕਾਨੂੰਨ ਨੂੰ ਅਮਲੀ ਰੂਪ ਦੇਣ ਲਈ ਕਦਮ ਚੁੱਕੇ ਜਾ ਰਹੇ ਹਨ।

ਅੱਖਾਂ ਦੇ ਕੌਮੀ ਬੈਂਕ ਵਾਂਗ ਦਿੱਲੀ ਦੇ ਲੋਕ ਨਾਇਕ ਜੇ ਪਰਕਾਸ਼ ਨਰਾਇਣ ਹਸਪਤਾਲ ਵਿਚ ਕੰਨਾਂ ਦੇ ਪੜਦੇ ਅਤੇ ਹੋਰ ਹਿੱਸੇ ਦਾਨ ਕੀਤੇ ਜਾ ਸਕਣਗੇ।

## ਇਆਪਾ ਵਲੋਂ ਫ਼ਖਰ ਜ਼ਮਾਨ ਸਨਮਾਨ ਸਮਾਰੋਹ

ਪਾਕਿਸਤਾਨ ਦੇ ਪ੍ਰਸਿੱਧ ਪੰਜਾਬੀ ਸਾਹਿਤਕਾਰ ਸ੍ਰੀ ਫ਼ਖਰ ਜ਼ਮਾਨ ਆਪਣੀ ਦੋ ਮਹੀਨੇ ਦੀ ਵਿਦੇਸ਼ ਯਾਤਰਾ ਦੇ ਪਹਿਲੇ ਪੜਾ ਤੇ ਹਾਲੈਂਡ ਹੁੰਦੇ ਹੋਏ ਵੀਆਨਾ ਪਹੁੰਚ ਗਏ ਹਨ। ਆਪ ਯੂਰਪ ਦੇ ਹੋਰ ਦੇਸ਼ਾਂ ਤੋਂ ਹੁੰਦੇ ਹੋਏ ਅਮਰੀਕਾ ਅਤੇ ਕੈਨੇਡਾ ਪਹੁੰਚਣ ਦਾ ਇਰਾਦਾ ਵੀ ਰੱਖਦੇ ਹਨ।

ਆਪ ਦੇ ਕੈਨੇਡਾ ਆਉਣ ਤੇ ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਪੰਜਾਬੀ ਆਥਰਜ਼ ਐਂਡ ਆਰਟਿਸਟਸ ਇਨਕਾਰਪੋਰੇਟਿਡ (ਕੈਨੇਡਾ) ਵਲੋਂ ਇਕ ਵਿਸ਼ੇਸ਼ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿਚ ਆਪਨੂੰ ਪ੍ਰੋਫੈਸਰ ਪਿਆਰਾ ਸਿੰਘ ਗਿੱਲ ਤੇ ਕਰਮ ਸਿੰਘ ਸੰਧੂ ਮੈਮੋਰੀਅਲ ਅੰਤਰ ਰਾਸ਼ਟਰੀ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਨਾਲ ਅਭਿਨੰਦਨ ਕੀਤਾ ਜਾਵੇਗਾ। ਇਆਪਾ ਵਲੋਂ ਆਪਜੀ ਨੂੰ 500 ਡਾਲਰ, ਇਕ ਪਲੈਕ, ਸਿਰੋਪਾ ਤੇ ਐਵਾਰਡ ਪੱਤਰ ਭੇਟ ਕੀਤੇ ਜਾਣਗੇ। ਇਹ ਪੁਰਸਕਾਰ ਸ੍ਰੀ ਫ਼ਖਰ ਜ਼ਮਾਨ ਨੂੰ ਉਨ੍ਹਾਂ ਦੀ ਪੰਜਾਬੀ ਸਾਹਿਤ ਅਤੇ ਸਭਿਆਚਾਰ ਨੂੰ ਵਿਸ਼ੇਸ਼ ਦੇਣ ਤੇ ਉਨਾਂ ਦੇ ਆਧੁਨਿਕ ਕਲਾਸਕ ਨਾਵਲ 'ਬੰਦੀਵਾਨ' ਲਈ ਦੇਣ ਦੀ ਘੋਸ਼ਨਾ ਕੀਤੀ ਗਈ ਸੀ। 'ਬੰਦੀਵਾਨ' ਪਹਿਲੀ ਵਾਰ ਗੁਰਮੁਖੀ ਅੱਖਰਾਂ ਵਿਚ ਭਾਰਤ ਵਿਚ ਛਪਿਆ ਸੀ। ਇਸ ਨਾਵਲ ਵਿਚ ਫਖਰ ਜ਼ਮਾਨ ਨੇ ਅੱਵਾਮ ਦੀ ਆਜ਼ਾਦੀ ਅਤੇ ਹੱਕ ਦੀ ਲੜਾਈ ਅਤੇ ਪਾਕਿਸਤਾਨੀ ਜੇਲ੍ਹਾਂ ਵਿਚ ਭਿਆਨਕ ਅਤਿਆਚਾਰ ਦੀ ਹਿਰਦੇਵੇਧਕ ਦਾਸਤਾਨ ਬਿਆਨ ਕੀਤੀ ਹੈ!

ਪਾਕਿਸਤਾਨ ਦੀ ਮੌਜੂਦਾ ਹਕੂਮਤ ਨੇ ਫ਼ਖਰ ਜ਼ਮਾਨ ਦੀਆਂ ਚਾਰ ਪੰਜਾਬੀ ਪੁਸਤਕਾਂ ਅਤੇ ਇਕ ਹਫ਼ਤਾਵਾਰ ਅਖਬਾਰ ਉਤੇ ਬੈਨ ਲਾਇਆ ਹੋਇਆ ਹੈ। ਆਪ ਏਸ ਹਕੂਮਤ ਅਧੀਨ ਛੇ ਮਹੀਨੇ ਦੀ ਕੈਦ ਵੀ ਭੁਗਤ ਚੁੱਕੇ ਹਨ।

ਸੁਰਗੀ ਜ਼ੁਲਿਫ਼ਕਾਰ ਅਲੀ ਭੁੱਟੋ ਦੀ ਹਕੂਮਤ ਸਮੇਂ ਫ਼ਖਰ ਜ਼ਮਾਨ ਪਾਕਿਸਤਾਨੀ ਸੈਨੇਟ ਦੇ ਮੈਂਬਰ ਵੀ ਰਹਿ ਚੁੱਕੇ ਹਨ ਅਤੇ ਬੇਗਮ ਨੁਸਰਤ ਭੁੱਟੋ ਦੇ ਪੋਲੀਟੀਕਲ ਐਡਵਾਈਜ਼ਰ ਵੀ।

ਪੰਜਾਬੀਓ ਨਾ ਨੀਵੀਆਂ
ਗੱਲਾਂ ਦੀ ਤਕ ਰੱਖੋ
ਹੁੰਦਾ ਕਦੀ ਨਾ ਆਲ੍ਹਣਾ
ਝਿਕਾ ਉਕਾਬ ਦਾ।

ਗੰਗਾ ਬਣਾਵੇ ਦੇਵਤੇ
ਤੇ ਜਮਨ ਦੇਵੀਆਂ
ਆਸ਼ਕ ਮਗਰ ਬਣਾ ਸਕੇ
ਪਾਣੀ ਚੰਨਾਬ ਦਾ।


ਨਵੇਂ ਸਾਲ ਦੀ ਸਾਰੇ ਗਾਹਕਾਂ, ਦੋਸਤਾਂ ਤੇ ਸਹਿਯੋਗੀਆਂ ਨੂੰ
ਬਹੁਤ ਬਹੁਤ ਵਧਾਈ ਹੋਵੇ
ਆਪਣੀ ਹਰ ਤਰ੍ਹਾਂ ਦੀ ਗਰੋਸਰੀ ਦੀ ਸ਼ਾਪਿੰਗ ਲਈ ਹਮੇਸ਼ਾ ਯਾਦ ਰੱਖੋ
ਅਮਬੀਕਾ
5125, ਵਿਕਟੋਰੀਆ ਡਰਾਈਵ ਵੈਨਕੂਵਰ, ਬੀ. ਸੀ.
ਫੋਨ 327-0295

# 'ਸਿਵਲ ਨਾਫ਼ੁਰਮਾਨੀ' ਦਾ ਮੋਢੀ ਤਿਲਕ ਸੀ ਨਾ ਕਿ ਮਹਾਤਮਾ ਗਾਂਧੀ

ਨਵੀਂ ਦਿੱਲੀ-(ਪੀ. ਟੀ. ਆਈ.) ਦੇਸ਼ ਵਿਚ 'ਸਿਵਲ ਨਾਫ਼ੁਰਮਾਨੀ ਲਹਿਰ' ਦਾ ਮੋਢੀ ਬਾਲ ਗੰਗਾਧਰ ਤਿਲਕ ਸੀ ਨਾ ਕਿ ਮਹਾਤਮਾ ਗਾਂਧੀ ।

ਇਹ ਗੱਲ ਹੁਣੇ ਜਿਹੇ ਛਪੀ ਇਕ ਪੁਸਤਕ 'ਸਵਰਾਜ ਦੇ ਨਿਰਮਾਤਾ' ਵਿਚ ਕਹੀ ਗਈ ਹੈ ਜਿਹੜੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਭੇਂਟ ਕੀਤੀ ਗਈ। ਇਹ ਪੁਸਤਕ ਸ੍ਰੀ ਬੀ. ਕੇ. ਆਹਲੂਵਾਲੀਆਂ ਅਤੇ ਸ਼ਸ਼ੀ ਆਹਲੂਵਾਲੀਆ ਵਲੋਂ ਸਾਂਝੇ ਤੌਰ ਤੇ ਲਿਖੀ ਗਈ ਹੈ। ਇਸ ਪੁਸਤਕ ਵਿਚ ਲਿਖਿਆ ਗਿਆ ਕਿ ਬਾਲ ਗੰਗਾਧਰ ਤਿਲਕ ਨੇ, 1906 ਵਿਚ ਹੀ ਸਿਵਲ ਨਾਫ਼ੁਰਮਾਨੀ ਦਾ ਨਾਅਰਾ ਲਾ ਦਿਤਾ ਸੀ ਜਿਸ ਦੇ ਅਧਾਰ ਉਤੇ 14 ਸਾਲ ਬਾਅਦ ਮਹਾਤਮਾ ਗਾਂਧੀ ਨੇ ਲਹਿਰ ਚਲਾਈ ।

ਇਸ ਪੁਸਤਕ ਵਿਚ ਬਾਈਕਾਟ ਦੀ ਮੁਹਿੰਮ ਕਿਸੇ ਬਦੇਸ਼ੀ ਸਰਕਾਰ ਜਾਂ ਕਿਸੇ ਦੇਸ਼ ਵਿਰੁਧ ਕਿੰਨੀ ਅਤੇ ਕਿਵੇਂ ਕਾਰਗਰ ਸਿੱਧ ਹੋ ਸਕਦੀ ਹੈ, ਇਸ ਗੱਲ ਉਤੇ ਵਿਸਥਾਰ ਨਾਲ ਵਿਚਾਰ ਕੀਤਾ ਗਿਆ ਹੈ। ਕਿਹਾ ਗਿਆ ਹੈ ਕਿ ਚੀਨ ਨੇ ਅਮਰੀਕਾ ਵਪਾਰ ਦਾ ਬਾਈਕਾਟ ਕਰਕੇ ਕਿਸੇ ਵੇਲੇ ਕਿਵੇਂ ਅਮਰੀਕਾ ਦੀਆਂ ਅੱਖਾਂ ਖੋਲ ਦਿਤੀਆਂ ਸਨ ।

"ਇਤਿਹਾਸ ਇਨ੍ਹਾਂ ਗੱਲਾਂ ਤੋਂ ਪਰਦਾ ਚੁੱਕਦਾ ਹੈ ਕਿ ਲੋਕਾਂ ਦੀ ਏਕਤਾ ਕਿਵੇਂ ਆਪਣੇ ਪੱਕੇ ਇਰਾਦਿਆਂ ਨਾਲ ਬਿਨਾਂ ਕੋਈ ਹਥਿਆਰ ਚੁਕਿਆਂ ਵੀ ਸਰਕਾਰਾਂ ਦੇ ਨੱਕ ਵਿਚ ਦਮ ਕਰ ਸਕਦੀ ਹੈ । ਤਿਲਕ ਦਾ ਵਿਚਾਰ ਸੀ ਕਿ ਬਾਈਕਾਟ ਅਤੇ ਅਤੇ ਸਵਦੇਸੀ ਉਸ ਵੇਲੇ ਦਾ ਵੱਡਾ ਰਾਜਨੀਤਕ ਹਥਿਆਰ ਸੀ । ਕਾਂਗਰਸ ਦੀ ਦਿੱਲੀ ਕਾਂਗਰਸ ਵਿਚ ਦਿਤੇ. ਭਾਸ਼ਨ ਵਿਚ ਤਿਲਕ ਨੇ ਕਿਹਾ ਸੀ "ਸਾਡੇ ਕੋਲ ਬਾਈਕਾਟ ਦਾ ਵੱਡਾ ਹਥਿਆਰ ਹੈ ਜਿਸ ਨੂੰ ਅਸੀਂ ਸਾਮਰਾਜ ਵਿਰੁਧ ਤਕੜੀ ਤਰ੍ਹਾਂ ਵਰਤ ਸਕਦੇ ਹਾਂ ਪੁਸਤਕ ਅਨੁਸਾਰ ਬਾਲ ਗੰਗਾਧਰ ਤਿਲਕ ਨੇ ਇਕ ਵਸਤ ਦਾ ਸਹਿਜ ਸਹਿਜ ਬਾਈਕਾਟ ਸ਼ੁਰੂ ਕਰ ਦਿਤਾ ਸੀ ਅਤੇ ਇਸ ਬਾਈਕਾਟ ਦਾ ਸਿਖਰ ਸੀ 1920 ਦੀ ਸਿਵਲ ਨਾ ਫ਼ੁਰਮਾਨੀ ਲਹਿਰ ਜਿਸਨੂੰ ਮਹਾਤਮਾ ਗਾਂਧੀ ਨੇ ਸ਼ੁਰੂ ਕੀਤਾ ।

# ਅਮਰੀਕਾ ਤੋਂ ਆਏ ਸਿੱਖਾਂ ਨੂੰ ਨਾ ਰੋਕੋ

**ਸੰਤ ਲੌਂਗੋਵਾਲ**

ਅੰਮ੍ਰਿਤਸਰ:-ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਅਮਰੀਕਾ ਤੋਂ ਆਏ ਸਿੰਘਾਂ ਨੂੰ 'ਖਲਿਸਤਾਨੀ' ਆਖਕੇ ਉਨਾਂ ਤੇ ਝੂਠੇ ਕੇਸ ਬਣਾਉਣ ਦੀ ਨਿਖੇਧੀ ਕੀਤੀ ਹੈ। ਸੰਤ ਨੇ ਕਿਹਾ ਕਿ ਭਾਰਤ ਤੋਂ ਬਾਹਰ ਰਹਿਣ ਵਾਲੇ ਸਿੱਖਾਂ ਨੂੰ ਆਪਣੇ ਧਰਮ ਅਸਥਾਨਾ ਦੇ ਦਰਸ਼ਨ ਕਰਨ ਤੋਂ ਰੋਕਣਾ ਭਾਰਤ ਦੀ ਧਰਮ ਨਿਰਪੇਖਤਾ ਦੀ ਨੀਤੀ ਦੇ ਵਿਰੁਧ ਹੈ। ਸੰਤ ਨੇ ਕਿਹਾ ਕਿ ਅਮਰੀਕਾ ਤੋਂ ਆਉਣ ਵਾਲੇ ਸਿੰਘਾਂ ਦਾ 'ਖਾਲਿਸਤਾਨ' ਦੀ ਲਹਿਰ ਨਾਲ ਕੋਈ ਸਬੰਧ ਨਹੀਂ ।

# ਸਿੱਖਾਂ ਨਾਲ ਵਿਤਕਰੇ ਦਾ ਵਿਸਥਾਰ ਛਾਪਾਂਗੇ--ਸੰਤ

ਅੰਮ੍ਰਿਤਸਰ:—ਅਕਾਲੀ ਦਲ ਏਸ਼ੀਆਡ ਦੌਰਾਨ ਸਿੱਖਾਂ ਨੂੰ ਤੰਗ ਕੀਤੇ ਜਾਣ ਸਬੰਧੀ ਵਿਸਥਾਰ ਛਾਪਾਂਗੇ ।

ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਭਾਰਤ ਵਿਚ ਸਿੱਖਾਂ ਨਾਲ ਹੋ ਰਹੇ ਵਿਤਕਰੇ ਸਬੰਧੀ ਵਿਸਥਾਰ ਸਾਹਿਤ ਛਾਪ ਕੇ ਦੁਨੀਆਂ ਭਰ ਵਿਚ ਵੰਡਿਆ ਜਾਵੇਗਾ । ਸੰਤ ਨੇ ਸਭ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਏਸ਼ੀਆਡ ਸਮੇਂ ਉਨਾਂ ਨਾਲ ਹੋਈਆਂ ਜ਼ਿਆਦਤੀਆਂ ਬਾਰੇ ਦਲ ਦੇ ਆਗੂਆਂ ਨੂੰ ਜਾਣੂ ਕਰਾਉਣ ।

ਸੰਤ ਨੇ ਏਸ਼ੀਆਡ ਸਟੇਡੀਅਮ ਵਿਚੋਂ ਦਲ ਮੰਗਾਂ ਦੇ ਹੱਕ ਵਿਚ ਨਾਅਰੇ ਲਾਉਣ ਦੇ ਦੋਸ਼ ਵਿਚ ਫੜੇ ਗਏ ਸਿਖ ਨੌਜਵਾਨਾਂ ਬਲਦੇਵ ਸਿੰਘ ਤੇ ਗੁਰਚਰਨ ਸਿੰਘ ਨੂੰ ਗ੍ਰਿਫਤਾਰ ਕੀਤੇ ਜਾਣ ਦੀ ਨਿੰਦਾ ਕੀਤੀ ।

# ਪ੍ਰਾਇਮਰੀ ਅਧਿਆਪਕ ਧਰਨਾ ਦੇਣਗੇ

ਫਰੀਦਕੋਟ—ਪਿਛਲੇ ਦਿਨੀਂ ਗੌਰਮਿੰਟ ਪ੍ਰਾਇਮਰੀ ਟੀਚਰਜ਼ ਐਸੋਸੀਏਸ਼ਨ ਜ਼ਿਲਾ ਫਰੀਦਕੋਟ ਦੀ ਇਕ ਮੀਟਿੰਗ ਵਜ਼ੀਰ ਚੰਦ ਦੀ ਪ੍ਰਧਾਨਗੀ ਹੇਠ ਫਰੀਦਕੋਟ ਵਿਖੇ ਹੋਈ ਜਿਸ ਵਿਚ 13 ਦਸੰਬਰ ਤੋਂ ਜ਼ਿਲਾ ਸਿਖਿਆ ਅਫਸਰ(ਪ੍ਰਾਇਮਰੀ) ਫਰੀਦਕੋਟ ਦੇ ਦਫਤਰ ਦੇ ਬਾਹਰ ਭੁੱਖ ਹੜਤਾਲ ਰੱਖਣ ਦਾ ਫੈਸਲਾ ਕੀਤਾ ਗਿਆ। ਜੋਗਿੰਦਰ ਸਿੰਘ ਜਨਰਲ ਸਕੱਤਰ ਨੇ ਦਸਿਆ ਕਿ ਇਹ ਭੁੱਖ ਹੜਤਾਲ ਮੰਗਾਂ ਮੰਨਣ ਵਿਚ ਟਾਲ ਮਟੋਲ ਦੀ ਕੀਤੀ ਜਾ ਰਹੀ ਨੀਤੀ ਨੂੰ ਮੁੱਖ ਰੱਖਕੇ ਕੀਤੀ ਜਾ ਰਹੀ ਹੈ। ਉਹ ਮੰਗ ਕਰਦੇ ਹਨ ਕਿ ਸਿਆਸੀ ਅਧਾਰ ਤੇ ਕੀਤੀਆਂ ਬਦਲੀਆਂ ਬੰਦ ਕੀਤੀਆਂ ਜਾਣ, ਸੈਂਟਰ ਹੈਡ ਟੀਚਰ ਅਤੇ ਹੈਡ ਟੀਚਰਾਂ ਦੀਆਂ ਨਿਯੁਕਤੀਆਂ ਕੀਤੀਆਂ ਜਾਣ ਅਤੇ ਬਾਕੀ ਰਹਿੰਦੀਆਂ ਮੰਗਾਂ ਦਾ ਜਲਦੀ ਤੋਂ ਜਲਦੀ ਨਿਪਟਾਰਾ ਕੀਤਾ ਜਾਵੇ ।

# ਪੰਜਾਬ 'ਚ ਆਮ ਸਿੱਖਾਂ 'ਤੇ ਅਕਾਲੀ ਮੋਰਚੇ ਦਾ ਅਸਰ "ਨਾਂਮਾਤਰ"

ਨਵੀਂ ਦਿੱਲੀ:—ਪੰਜਾਬ ਦੇ ਵਧੇਰੇ ਹਿੱਸਿਆਂ ਵਿਚ ਅਕਾਲੀ ਅੰਦੋਲਨ ਦਾ ਅਸਰ ਨਾਂਮਾਤਰ ਹੈ।

ਅਕਾਲੀ ਮੋਰਚੇ ਸਬੰਧੀ ਕੀਤੇ ਗਏ ਇਕ ਸਰਵੇਖਣ ਅਨੁਸਾਰ ਆਮ ਪੇਂਡੂ ਸਿੱਖ ਜਿਥੇ ਅਕਾਲੀ ਆਗੂਆਂ ਦੀਆਂ ਧਾਰਮਿਕ ਮੰਗਾਂ ਦੀ ਹਮਾਇਤੀ ਹੈ ਉਥੇ ਅੰਦੋਲਨ ਦੇ ਨਾਂ ਉਤੇ ਹੋ ਰਹੀਆਂ ਹਿੰਸਕ ਵਾਰਦਾਤਾਂ ਦੀ ਨਿੰਦਾ ਕਰਦਾ ਹੈ ।

ਪੰਜਾਬ ਦੇ ਸ਼ਹਿਰੀ ਇਲਾਕਿਆਂ ਵਿਚ ਵੀ ਨੌਜਵਾਨਾਂ ਅਤੇ ਵਿਦਿਆਰਥੀਆਂ ਦਾ ਇਕ ਹਿੱਸਾਅੰਦੋਲਨ ਵਿਚ ਵਧ ਚੜ੍ਹ ਕੇ ਹਿੱਸਾ ਲੈ ਰਿਹਾ ਹੈ। ਦੂਸਰੇ ਪਾਸੇ ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਕਿਰਤੀ ਅਤੇ ਵਪਾਰੀ ਆਪੋ ਆਪਣੇ ਰੋਜ਼ਗਾਰ ਲਈ ਚਿੰਤਿਤ ਹਨ ।

ਸਰਵੇਖਣ ਤੋਂ ਪਤਾ ਲੱਗਿਆ ਹੈ ਕਿ ਅਕਾਲੀ ਆਗੂਆਂ ਦੀ ਬਿਆਨਬਾਜ਼ੀ ਦੀ ਵੀ ਆਮ ਸਿੱਖਾਂ ਉਪਰ ਕੋਈ ਪ੍ਰਤੀਕਿਰਿਆ ਨਹੀਂ ਬਲਕਿ ਇਨ੍ਹਾਂ ਦਾ ਇਕ ਵੱਡਾ ਹਿੱਸਾ ਸੁਖ ਸ਼ਾਂਤੀ ਨਾਲ ਆਪਣਾ ਕੰਮ ਕਰਨਾ ਚਾਹੁੰਦਾ ਹੈ ।

ਇਸਦੇ ਉਲਟ ਪੰਜਾਬ ਦੇ ਗੈਰ ਸਿੱਖ ਲੋਕਾਂ ਖਾਸ ਕਰ ਨਿਰੰਕਾਰੀਆਂ ਵਿਚ ਅੰਦੋਲਨ ਤੋਂ ਡਰ ਅਤੇ ਆਤੰਕ ਫੈਲਿਆ ਹੋਇਆ ਹੈ । ਇਹ ਸਥਿਤੀ ਇਸੇ ਹੱਦ ਤੱਕ ਪੁਜ ਚੁੱਕੀ ਹੈ ਕਿ ਲੋਕ ਘਰਾਂ ਵਿਚ ਵਿਆਹ ਜਾਂ ਹੋਰ ਸਮਾਰੋਹ ਕਰਨ ਤੋਂ ਵੀ ਘਬਰਾਂਦੇ ਹਨ ਤੇ ਅਜਿਹੇ ਮੌਕਿਆਂ ਤੇ ਪੁਲੀਸ ਦੀ ਸਹਾਇਤਾ ਪ੍ਰਾਪਤ ਕਰਦੇ ਹਨ ।

ਰਾਜ ਸਰਕਾਰ ਵੀ ਇਸ ਸ਼ੰਕਾ ਨੂੰ ਵੇਖਦੇ ਹੋਏ ਸਾਵਧਾਨ ਹੈ ਅਤੇ ਰਾਜ ਦੇ ਸਾਰੇ ਅਹਿਮ ਹਿੱਸਿਆਂ ਵਿਚ ਸਖਤ ਸੁਰੱਖਿਆ ਪ੍ਰਬੰਧ ਕੀਤੇ ਹਨ ।

ਪਟਿਆਲਾ, ਜਲੰਧਰ, ਲੁਧਿਆਣਾ ਆਦਿ ਵੱਡੇ ਸ਼ਹਿਰ ਅਤੇ ਲਾਗਲੇ ਪੇਂਡੂ ਇਲਾਕਿਆਂ ਦੇ ਸਿੱਖਾਂ ਨੇ ਅਕਾਲੀ ਅੰਦੋਲਨ ਲਈ ਇਕ ਹੱਦ ਤੱਕ ਸਰਕਾਰ ਨੂੰ ਵੀ ਦੋਸ਼ੀ ਠਹਿਰਾਇਆ ਹੈ । ਇਨਾਂ ਦਾ ਕਹਿਣਾ ਹੈ ਕਿ ਸਿੱਖਾਂ ਦੀਆਂ ਉਚਿਤ ਮੰਗਾਂ ਨੂੰ ਮੰਨਣ ਵਿਚ ਸਰਕਾਰ ਕਿਉਂ ਹਿਚਕਚਾ ਰਹੀ ਹੈ। ਪਟਿਆਲਾ ਦੇ ਇਕ ਸਿੱਖ ਕਿਸਾਨ ਨੇ ਪੁਛਿਆ ਕਿ ਅਗਰ ਸਰਕਾਰ ਨੇ ਸਿੱਖਾਂ ਦੀਆਂ ਵਧੇਰੇ ਮੰਗਾਂ ਮੰਨ ਲਈਆਂ ਹਨ ਤਾਂ ਉਨਾਂ ਉਪਰ ਅਮਲ ਕਿਉਂ ਨਹੀਂ ਕੀਤਾ ਜਾਂਦਾ ?

ਜਿੱਥੋਂ ਤੱਕ ਅੰਦੋਲਨ ਵਿਚ ਅਤਿਵਾਦ ਦਾ ਸਵਾਲ ਹੈ, ਸਿਰਫ ਅੰਮ੍ਰਿਤਸਰ ਅਤੇ ਉਸਦੇ ਆਸ ਪਾਸ ਦੇ ਕੁਝ ਇਲਾਕੇ ਹੀ ਅਜਿਹੇ ਹਨ ਜਿਥੇ ਅੰਦੋਲਨ ਅਤਿਵਾਦੀ ਰੂਪ ਵਿਚ ਭੜਕਿਆ ਅਤੇ ਪੁਲੀਸ ਨੂੰ ਇਸ ਤੇ ਕਾਬੂ ਪਾਉਣ ਵਿਚ ਔਕੜ ਪੇਸ਼ ਆਈ ।

# 'ਪੰਜਾਬ ਭਵਨ ਦਿੱਲੀ' ਵਿਚ ਪੰਜਾਬੀ ਦਾ ਸਾਹਿਤਕ ਸਮਾਗਮ

ਨਵੀਂ ਦਿੱਲੀ:-ਬੀਤੇ ਦਿਨ ਪੰਜਾਬ ਭਵਨ ਨਵੀਂ ਦਿੱਲੀ ਵਿਚ ਸਥਿਤ ਪੰਜਾਬ ਸਰਕਾਰ ਦੇ ਸਾਹਿਤਕਾਰ ਕੇਂਦਰ ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦਿੱਲੀ ਅਤੇ ਦਿੱਲੀ ਦੇ ਹੋਰ ਪੰਜਾਬੀ ਲੇਖਕਾਂ ਦੇ ਸਹਿਯੋਗ ਨਾਲ ਇਕ ਵਿਸ਼ੇਸ਼ ਸਾਹਿਤਕ ਸਮਾਰੋਹ ਦਾ ਪ੍ਰਬੰਧ ਕੀਤਾ ਗਿਆ ।

ਇਸ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਦਿੱਲੀ ਦੇ ਪ੍ਰਧਾਨ ਡਾ. ਹਰੀ ਸਿੰਘ ਨੇ ਪੰਜਾਬੀ ਦੀ ਪ੍ਰਸਿਧ ਕਹਾਣੀਕਾਰ ਸ੍ਰੀਮਤੀ ਰਾਜਿੰਦਰ ਕੌਰ ਦੀ ਕਹਾਣੀ ਕਲਾ ਬਾਰੇ ਆਪਣਾ ਖੋਜ ਪੱਤਰ ਪੜ੍ਹਿਆ । ਪੰਜਾਬੀ ਦੇ ਕਈ ਵਿਦਵਾਨਾਂ, ਅਲੋਚਕਾਂ, ਕਵੀਆਂ ਅਤੇ ਕਹਾਣੀਕਾਰਾਂ ਨੇ ਇਸ ਵਿਚ ਭਾਗ ਲਿਆ ।

ਇਸ ਸਮਾਗਮ ਦੀ ਪ੍ਰਧਾਨਗੀ ਕੈਨੇਡਾ ਤੋਂ ਆਏ ਪੰਜਾਬੀ ਦੇ ਕਵੀ ਗੁਰਚਰਨ ਰਾਮਪੁਰੀ ਨੇ ਕੀਤੀ । ਉਨਾਂ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਕਿਹਾ ਕਿ ਸ੍ਰੀਮਤੀ ਰਾਜਿੰਦਰ ਕੌਰ ਦੀਆਂ ਕਹਾਣੀਆਂ ਦੇ ਇਸਤਰੀ ਪਾਤਰ ਭਾਰਤੀ ਨਾਰੀ ਦੇ ਕਿਰਦਾਰ ਦੀ ਸਹੀ ਦਰਜਮਾਨੀ ਕਰਦੇ ਹਨ ।

# ਬੀਬੀ ਨੂਰਾਂ ਦੀ ਯਾਦ 'ਚ ਯਾਦਗਾਰ ਸਥਾਪਤ ਕਰਨ ਦੀ ਮੰਗ

ਫਗਵਾੜਾ—ਬੀਤੇ ਦਿਨ ਇਥੇ ਨੌਜਵਾਨ ਕਹਾਣੀਕਾਰ ਗੁਰਮੀਤ ਪਲਾਹੀ ਦੀ ਪ੍ਰਧਾਨਗੀ ਹੇਠ ਹੋਈ ਲੇਖਕਾਂ ਦੀ ਇਕ ਇਕੱਤਰਤਾ ਵਿਚ ਭਾਰਤ ਦੀ ਰੇਸ਼ਮਾਂ ਦੇ ਤੌਰ ਤੇ ਜਾਣੀ ਜਾਂਦੀ ਬੀਬੀ ਨੂਰਾਂ ਦੀ ਮੌਤ' ਤੇ ਦੁੱਖ ਪ੍ਰਗਟ ਕੀਤਾ ਗਿਆ। ਮੀਟਿੰਗ ਵਿਚ ਬੀਬੀ ਨੂਰਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਪੰਜਾਬ ਸਰਕਾਰ ਤੋਂ ਬੀਬੀ ਨੂਰਾਂ ਦੀ ਯਾਦ ਵਿਚ ਯਾਦਗਾਰ ਸਥਾਪਤ ਕਰਨ ਦੀ ਮੰਗ ਕੀਤੀ ਗਈ ।

# ਗਰੀਬ ਲੋਕਾਂ ਤੋਂ ਵੋਟ ਦਾ ਹੱਕ ਖੋਹਣ ਦੀ ਸਾਜ਼ਸ਼

—ਸਤਪਾਲ ਡਾਂਗ—

10 ਦਸੰਬਰ, 1982 ਦੀ ਰੋਜ਼ਾਨਾ ਅੰਗਰੇਜ਼ੀ ਅਖਬਾਰ ਇੰਡੀਅਨ ਐਕਸਪ੍ਰੈਸ ਵਿਚ ਹੇਠ ਲਿਖੀ ਖਬਰ ਛਪੀ ਸੀ :

"ਚੰਡੀਗੜ੍ਹ, 9 ਦਸੰਬਰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਗੁਰਚਰਨ ਸਿੰਘ ਟੌਹੜਾ ਚਾਹੁੰਦੇ ਹਨ ਕਿ ਵੋਟ ਦਾ ਹੱਕ ਕੇਵਲ ਜਾਇਦਾਦ ਦੇ ਮਾਲਕਾਂ ਨੂੰ ਹੀ ਚਾਹੀਦਾ ਹੈ" ਜਦੋਂ ਉਹਨਾਂ ਨੂੰ ਇਹ ਗੱਲ ਆਖੀ ਗਈ ਕਿ ਸਿੱਖੀ ਦੇ ਅਸੂਲ ਜਾਤ ਪਾਤ, ਅਕੀਦੇ ਆਦਿ ਦੇ ਅਧਾਰ ਤੇ ਕੋਈ ਵਿਤਕਰਾ ਨਹੀਂ ਕਰਦੇ ਤਾਂ ਉਹਨਾਂ ਨੇ ਗੋਲ ਮੋਲ ਜਵਾਬ ਦਿਤਾ। ਉਹਨਾਂ ਕਿਹਾ ਕਿ ਸਮਾਂ ਬਦਲ ਗਿਆ ਹੈ। "ਜੇ ਸ੍ਰੀ ਟੌਹੜਾ ਦੀ ਗੱਲ ਮੰਨ ਲਈ ਜਾਵੇ ਤੇ ਪੰਜਾਬ ਦੇ 50% ਵੋਟਰ ਆਪਣੇ ਵੋਟ ਦੇ ਹੱਕ ਤੋਂ ਵਾਂਝਿਆ ਹੋ ਜਾਣਗੇ। ਕਿਉਂਕਿ ਪੰਜਾਬ ਦੀ ਅਬਾਦੀ ਦਾ 43 ਫੀਸਦੀ ਹਿੱਸਾ ਗਰੀਬੀ ਦੀ ਪੱਧਰ ਤੋਂ ਹੇਠਾਂ ਹੈ ।

ਸ੍ਰੀ ਟੌਹੜਾ ਵਲੋਂ ਇਸ ਖਬਰ ਦੀ ਤਰਦੀਦ ਵੀ ਨਹੀਂ ਛਪੀ । ਖਬਰ ਠੀਕ ਹੀ ਜਾਪਦੀ ਹੈ ।

ਸਪੱਸ਼ਟ ਹੈ ਟੌਹੜਾ ਸਾਹਿਬ ਦੀ ਪੁਜ਼ੀਸ਼ਨ ਰਾਜ ਦੇ ਮੁਢਲੇ ਅਸੂਲਾਂ ਦੇ ਵਿਰੁਧ ਹੈ। ਜੇ ਉਹਨਾਂ ਦੀ ਗੱਲ ਮੰਨ ਲਈ ਜਾਵੇ ਤਾਂ ਗਰੀਬ ਲੋਕ ਹੀ ਵੋਟ ਦੇਣ ਦੇ ਹੱਕ ਤੋਂ ਵਾਂਝਿਆ ਹੋ ਜਾਣਗੇ, ਜਿਹੜੀ ਕਿ ਜ਼ਿਆਦਾਤਰ ਹਰੀਜਨ ਖੇਤ ਮਜ਼ਦੂਰ ਹੋਣਗੇ। ਰਾਜ ਕਰਨ ਦੀ ਸ਼ਕਤੀ ਕੇਵਲ ਜਾਇਦਾਦ ਦੇ ਮਾਲਕਾਂ ਦੇ ਹੱਥ ਵਿਚ ਰਹਿ ਜਾਵੇਗੀ। ਅਤੇ ਉਹ ਗਰੀਬ ਲੋਕਾਂ ਨੂੰ ਦਬਾ ਕੇ ਆਪਣੇ ਵਿਸ਼ੇਸ਼ ਹਿੱਤਾਂ ਦੀ ਪਾਲਨਾ ਬੜੀ ਆਸਾਨੀ ਨਾਲ ਕਰ ਸਕਣਗੇ, ਜ਼ਿਆਦਾ ਸੇਵਾ ਜ਼ਿਆਦਾ ਜਾਇਦਾਦ ਦੇ ਮਾਲਕਾਂ ਨੇ ਕੀਤੀ ਹੋਵੇਗੀ ਅਤੇ ਹੌਲੀ ਹੌਲੀ ਥੋੜ੍ਹੀ ਜਾਇਦਾਦ ਵਾਲੇ ਵੀ ਬਿਨਾਂ ਜਾਇਦਾਦ ਬਣ ਜਾਣਗੇ ।

ਸਵਾਲ ਪੈਦਾ ਹੁੰਦਾ ਹੈ ਕਿ ਸ੍ਰੀ ਟੌਹੜਾ ਇਹ ਪੋਜ਼ੀਸ਼ਨ ਕਿਉਂ ਅਖਤਿਆਰ ਕਰ ਰਹੇ ਹਨ। ਸ੍ਰੀ ਟੌਹੜਾ ਅਕਾਲੀ ਲੀਡਰਾਂ ਵਿਚੋਂ ਇਕ ਅੱਗੇ ਵਧੂ ਲੀਡਰ ਗਿਣੇ ਜਾਂਦੇ ਸਨ। ਇਹ ਗੱਲ ਵੀ ਕਹੀ ਜਾਂਦੀ ਸੀ ਕਿ ਮਾਰਕਸੀ ਲੀਡਰ ਹਰਕਿਸ਼ਨ ਸਿੰਘ ਸੁਰਜੀਤ ਦੇ ਬਹੁਤ ਨੇੜੇ ਸਨ। ਕੁਝ ਲੋਕ ਤਾਂ ਇਹ ਵੀ ਕਹਿੰਦੇ ਸਨ ਕਿ ਸ੍ਰੀ ਟੌਹੜਾ ਇਕ ਛੁਪੇ ਹੋਏ ਕਮਿਊਨਿਸਟ ਹਨ ।

ਸ੍ਰੀ ਟੌਹੜਾ ਦੇ ਵੋਟ ਦੇ ਹੱਕ ਬਾਰੇ ਸਟੈਂਡ ਨੇ ਇਹ ਗੱਲ ਸਾਫ ਕਰ ਦਿਤੀ ਹੈ ਕਿ ਉਹਨਾਂ ਨੇ ਕੇਵਲ ਅੱਗੇ ਵਧੂ ਹੋਣ ਦਾ ਇਕ ਪਰਦਾ ਪਾਇਆ ਹੋਇਆ ਸੀ । ਜਿਹੜਾ ਉਹਨਾਂ ਲੋੜ ਅਨੁਸਾਰ ਲਾਹ ਦਿਤਾ ਹੈ ।

ਸ੍ਰੀ ਟੌਹੜਾ ਨੂੰ ਇਕ ਹੋਰ ਪੱਖ ਤੋਂ ਵੀ ਬਹੁਤ ਸਾਰੇ ਲੋਕ ਜਾਣੂੰ ਹਨ। ਉਹ ਅਕਾਲੀ ਦਲ ਵਿਚ ਗਰਮ ਧੜੇ ਦੇ ਲੀਡਰ ਹਨ ਅਤੇ ਨਰਮ ਦਲੀਏ ਧੜੇ ਦੇ ਸਖਤ ਵਿਰੋਧੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਉਹਨਾਂ ਦੀ ਕਾਫੀ ਨੇੜਤਾ ਹੈ। 1978 ਵਿਚ ਨਿਰੰਕਾਰੀ ਪੁਸਤਕਾਂ ਤੇ ਪਾਬੰਦੀ ਲਾਉਣ ਤੇ ਨਿਰੰਕਾਰੀਆਂ ਨੂੰ ਸਤਸੰਗ ਨਾ ਕਰਨ ਦੇਣ ਦੀ ਅਤਿਵਾਦੀ ਲਹਿਰ ਦੇ ਇਕ ਮੁਖੀ ਲੀਡਰ ਹਨ ।

ਬਹੁਤ ਸਾਰੇ ਲੋਕ ਇਹ ਵੀ ਸਮਝਦੇ ਹਨ ਕਿ ਭਾਵੇਂ ਅਕਾਲੀ ਦਲ "ਖਾਲਸਤਾਨ" ਦੀ ਵਿਰੋਧਤਾ ਕਰਦਾ ਹੈ। ਪਰ ਟੌਹੜਾ ਸਾਹਿਬ ਦੀ ਦਿਲੀ ਹਮਦਰਦੀ ਇਸ ਨਾਹਰੇ ਦੇ ਨਾਲ ਹੈ ।

ਟੌਹੜਾ ਸਾਹਿਬ ਦੇ ਇਹ ਪੱਖ ਉਹਨਾਂ ਦੇ ਵੋਟ ਦੇ ਹੱਕ ਬਾਰੇ ਜਮਹੂਰੀਅਤ-ਵਿਰੋਧੀ ਪੋਜ਼ੀਸ਼ਨ ਨੂੰ ਸਮਝਣ ਵਿਚ ਸਹਾਈ ਹੁੰਦੇ ਹਨ ।

ਆਨੰਦਪੁਰ ਸਾਹਿਬ ਦਾ ਇਕ ਮਤਾ ਇਕ ਇਹੋ ਜਿਹੇ ਪੰਜਾਬ ਦੀ ਮੰਗ ਕਰਦਾ ਹੈ, ਜਿਸ ਵਿਚ ਖਾਲਸੇ ਦਾ ਬੋਲ ਬਾਲਾ ਹੋਵੇ। ਇਹ ਮਤਾ ਇਹ ਗੱਲ ਵੀ ਆਖਦਾ ਹੈ ਕਿ ਕੇਂਦਰ ਕੋਲ ਕੇਵਲ ਚਾਰ ਮਹਿਕਮੇ ਹੋਣਗੇ। (ਡਫੈਂਸ , ਬਦੇਸ਼ ਨੀਤੀ, ਕਰੰਸੀ ਅਤੇ ਅਵਾਜਾਈ) ਆਨੰਦਪੁਰ ਮਤਾ ਵੀ ਇਹ ਗੱਲ ਆਖਦਾ ਹੈ ਕਿ ਬਾਕੀ ਸਾਰਿਆਂ ਮਹਿਕਮਿਆਂ ਬਾਰੇ ਪੰਜਾਬ ਨੂੰ ਆਪਣਾ ਵਖਰਾ ਵਿਧਾਨ ਬਨਾਉਣ ਦੀ ਆਗਿਆ ਹੋਣੀ ਚਾਹੀਦੀ ਹੈ ।

ਵਖਰਾ ਵਿਧਾਨ ਜੇ ਬਣ ਵੀ ਜਾਵੇ ਪਰ ਜੇ ਵੋਟ ਦੇਣ ਦਾ ਹੱਕ ਹਰ ਇਕ ਨੂੰ ਹੋਵੇ ਤਾਂ "ਖਾਲਸੇ ਦਾ ਬੋਲਬਾਲਾ" ਸ਼ਾਇਦ ਫਿਰ ਵੀ ਨਾ ਹੋ ਸਕੇ। ਪਰ ਜੇ ਪੰਜਾਬ ਦੇ ਵੱਖਰੇ ਵਿਧਾਨ ਅਨੁਸਾਰ ਵੋਟ ਦੇਣ ਦਾ ਹੱਕ ਕੇਵਲ ਜਾਇਦਾਦ ਵਾਲਿਆਂ ਨੂੰ ਹੀ ਹੋਵੇ ਤਾਂ "ਖਾਲਸੇ ਦਾ ਬੋਲਬਾਲਾ" ਹੋਣ ਦੀ ਸੰਭਾਵਨਾ ਬਹੁਤ ਵਧ ਜਾਵੇਗੀ, ਭਾਵੇਂ ਅਸਲ ਵਿਚ ਇਹ ਬੋਲਬਾਲਾ ਗਰੀਬ ਅਤੇ ਦਰਮਿਆਨੇ ਸਿੱਖ ਕਿਸਾਨਾਂ ਦਾ ਨਹੀਂ ਹੋਵੇਗਾ, ਸਗੋਂ ਧਨੀ ਕਿਸਾਨਾਂ ਅਤੇ ਲੈਂਡਲਾਰਡਾਂ ਦਾ ਹੋਵੇਗਾ ।

ਸ੍ਰੀ ਟੌਹੜਾ ਦੀ ਪੋਜ਼ੀਸ਼ਨ ਲੋਕ ਰਾਜ ਵਿਰੋਧੀ ਤਾਂ ਹੈ ਹੀ। ਇਹ ਸਿੱਖੀ ਅਸੂਲਾਂ ਦੇ ਵੀ ਵਿਰੁਧ ਹੈ । ਪਰ ਇਹ ਗੱਲ ਆਨੰਦਪੁਰ ਮਤੇ ਦਾ ਅਸਲ ਮਤਲਬ ਸਮਝਣ ਵਿਚ ਕਾਫੀ ਸਹਾਈ ਹੁੰਦੀ ਹੈ । ਇਸ ਨਾਲ ਇਹ ਗੱਲ ਸਮਝਣ ਵਿਚ ਕਾਫੀ ਮਦਦ ਮਿਲਦੀ ਹੈ ਕਿ ਸ੍ਰੀ ਟੌਹੜਾ ਸਾਹਿਬ ਅਤੇ ਕਈ ਹੋਰ ਅਕਾਲੀ ਲੀਡਰ ਪੰਜਾਬ ਵਿਚ ਕਿਸ ਵਰਗ ਦੀ ਸੇਵਾ ਕਰਨ ਵਾਲਾ ਰਾਜ ਕਾਇਮ ਕਰਨਾ ਚਾਹੁੰਦੇ ਹਨ ।

ਪੰਜਾਬ ਅਤੇ ਦੇਸ਼ ਦੇ ਹਿੱਤ ਮੰਗ ਕਰਦੇ ਹਨ ਕਿ ਅਜੋਕੀ ਸਥਿਤੀ ਦੇ ਸਿਲਸਿਲੇ ਵਿਚ ਕੋਈ ਵਾਜਬ ਸਮਝੌਤਾ ਹੋ ਜਾਵੇ। ਟੌਹੜਾ ਸਾਹਿਬ ਦਾ ਵੋਟਾਂ ਬਾਰੇ ਬਿਆਨ ਸਮਝੌਤੇ ਦੀਆਂ ਕੋਸ਼ਿਸ਼ਾਂ ਵਿਚ ਰੁਕਾਵਟ ਹੀ ਪਾ ਸਕਦਾ ਹੈ। ਅਸੀਂ ਅਕਾਲੀ ਲੀਡਰਸ਼ਿਪ ਨੂੰ ਬੇਨਤੀ ਕਰਾਂਗੇ ਕਿ ਉਹ ਖਾਹ-ਮਖਾਹ ਉਲਝਣਾ ਵਧਾਉਣ ਤੇ ਸਥਿਤੀ ਨੂੰ ਵਗਾੜਨ ਵਾਲੀਆਂ ਗੱਲਾਂ ਨਾ ਕਰਨ ਸਗੋਂ ਸੇਕੂਲਰ-ਜਮਹੂਰੀ ਅਸੂਲਾਂ ਦੇ ਅਧਾਰ ਉਤੇ ਨਿਆਂਈ ਫੈਸਲੇ ਵਿਚ ਸਹਾਈ ਹੋਣ ।


ਮੋਤੀ ਮਹਿਲ ਵਲੋਂ ਸਭ ਨੂੰ ਨਵੇਂ ਸਾਲ ਦੀ ਵਧਾਈ ਹੋਵੇ

ਨਵਾਂ ਸਾਲ ਸਾਡੇ ਨਾਲ ਮਨਾਓ !

ਰਾਜਾ ਤੰਦੂਰੀ ਹੱਟ ਬਦਲ ਕੇ ਨਵੀਂ ਥਾਂ

**ਮੋਤੀ ਮਹਿਲ ਰੈਸਟੋਰੈਂਟ ਵਿਚ**

* ਖੂਬਸੂਰਤ ਸਜਾਵਟ
* ਲਪਟਾਂ-ਭਰਪੂਰ ਖਾਣੇ
* ਖੂਬਸੂਰਤ ਵਾਤਾਵਰਣ
* ਲਾਈਸੈਂਸ-ਸ਼ੁਦਾ ਤੇ ਏਅਰ ਕੰਡੀਸ਼ੰਡ

ਪਾਰਟੀਆਂ ਤੇ ਸਮਾਗਮਾਂ ਲਈ ਬਹੁਤ ਵਧੀਆਂ ਖਾਣੇ ਦਾ ਪ੍ਰਬੰਧ

ਹੁਣੇ ਫੋਨ ਕਰੋ 321-3223

6450, ਮੇਨ ਸਟਰੀਟ.

ਵੈਨਕੂਵਰ, ਬੀ. ਸੀ.

ਕਰਤਾਰ ਕੌਰ ਨੇ ਉਸ ਦੀ ਗਲ ਵਿਚੋਂ ਹੀ ਟੁਕ ਕੇ ਕਿਹਾ — "ਵੀਰ ਜੀ, ਮੈਨੂੰ ਪਤੈ ਜਿਹੜੀ ਗਲ ਤੁਸੀਂ ਕਰਨੀ ਐ। ਬਸ ਇਹੋ ਗਲ ਕਰਨੀ ਐ ਨਾ ਕਿ ਮੈਂ ਕੱਲੀ ਕਾਰੀ ਬੱਚਿਆਂ ਨੂੰ ਨਾਲ ਲੈ ਕੇ ਦੇਸ ਜਾ ਵੜਾ।"

ਕਰਤਾਰ ਕੌਰ ਦੇ ਚਿਹਰੇ ਉੱਤੇ ਆਈ ਲਾਲੀ ਵੇਖ ਕੇ ਭਗਵਾਨ ਸਿੰਘ ਨੇ ਨੀਵੀਂ ਪਾਂਦਿਆਂ ਕਿਹਾ — "ਤਿੰਨ ਕਉ ਕਿਆ ਉਪਦੇਸੀਐ ਜਿਨ ਗੁਰ ਨਾਨਕ ਦੇਓ, ।"

"ਨਹੀਂ ਤੁਸੀਂ ਕਰੋ ਆਪਣੀ ਗੱਲ। ਮੈਂ ਸੁਣਦੀ ਆਂ।"

"ਭੈਣ ਜੀ! ਮੈਨੂੰ ਤਾਂ ਉਹ ਦ੍ਰਿਸ਼ ਯਾਦ ਆ ਰਿਹਾ ਐ ਜਦ ਸ੍ਰੀ ਗੁਰੂ ਤੇਗ ਬਹਾਦਰ ਜੀ, ਦਿੱਲੀ ਵੱਲ ਤੁਰਨ ਵਾਲੇ ਸਨ। ਮਾਤਾ ਗੁਜਰੀ ਜੀ ਉਸ ਵੇਲੇ ਉਨ੍ਹਾਂ ਪਾਸ ਖਲੋਤੇ ਹੋਣਗੇ। ਦਸਮ ਪਾਤਸ਼ਾਹ, ਨੌਸਾਲ ਦੀ ਅਵਸਥਾ ਵਿਚ ਆਪਣੇ ਪਿਤਾ ਦੇ ਚਿਹਰੇ ਵਲ ਤਕ ਰਹੇ ਹੋਣਗੇ। ਮਾਤਾ ਗੁਜਰੀ ਦੇ ਮਨ ਵਿਚ ਹੌਲ ਪੈਂਦੇ ਹੋਣਗੇ ਫਿਰ ਵੀ ਰਜ਼ਾ ਵਿਚ ਰਹਿਣ ਦੀ ਬਖਸ਼ਸ਼ ਦਾ ਭਰਪੂਰ ਛਿੱਟਾ ਉਨ੍ਹਾਂ ਆਪਣੇ ਆਲੇ ਦੁਆਲੇ ਦੇਂਦਿਆਂ ਦਿਲ ਉੱਤੇ ਹੱਥ ਰੱਖ ਕੇ ਉਨ੍ਹਾਂ ਆਪਦੇ ਪਤੀ ਨੂੰ ਆਪ ਤੋਰਿਆ ਹੋਵੇਗਾ।

ਕਰਤਾਰ ਕੌਰ ਨੇ ਨੀਵੀਂ ਪਾਈ ਹੋਈ ਸੀ। ਹਰਿਦਿਆਲ ਸਿੰਘ ਭੱਜ ਕੇ ਆਪਣੀਆਂ ਭੈਣਾਂ ਕੋਲ ਜਾ ਖਲੋਤਾ। ਭਗਵਾਨ ਸਿੰਘ ਨੇ ਆਪਣੀ ਗਲ ਜਾਰੀ ਰੱਖੀ — "ਅਸੀਂ ਆਪਣੇ ਸਤਗੁਰਾਂ ਦੇ ਕਰਤਬਾਂ ਦੀ ਰੀਸ ਕਰਨ ਦੀ ਗਲ ਤਕ ਨਹੀਂ ਸੋਚ ਸਕਦੇ ਪਰ ਉਨ੍ਹਾਂ ਦੇ ਪਾਏ ਪੂਰਨਿਆਂ ਉੱਤੇ ਤਾਂ ਚਲਣ ਦਾ ਜਤਨ ਕਰ ਸਕਦੇ ਆਂ।

"ਮੈਂ ਤਾਂ ਮਾਤਾ ਗੁਜਰੀ ਦੇ ਚਰਨਾਂ ਦੀ ਖਾਕ ਵੀ ਨਹੀਂ।"

"ਠੀਕ ਐ! ਅਸੀਂ ਵੀ ਤਾਂ ਸਤਗੁਰਾਂ ਤੇ ਮਾਤਾ ਗੁਜਰੀ ਦੇ ਪਾਏ ਪੂਰਨਿਆਂ ਦੀ ਗਲ ਹੀ ਕਰ ਰਹੇ ਹਾਂ। ਮਜ਼ਲੂਮਾਂ ਉੱਤੇ ਹੋ ਰਹੇ ਜ਼ੁਲਮਾਂ ਦਾ ਖਾਤਮਾ ਕਰਨ ਲਈ ਹੀ ਸਤਗੁਰਾਂ ਦਿੱਲੀ ਵਲ ਕਦਮ ਉਠਾਇਆ ਸੀ। ਜ਼ਾਲਮ ਤੇ ਜ਼ੁਲਮ ਦਾ ਮੁਕਾਬਲਾ ਕਰਨਾ ਜੋਧਿਆਂ ਦਾ ਕਰਤੱਵ ਐ। ਅਸੀਂ ਜੋਧੇ ਨਹੀਂ ਪਰ ਜੋਧਿਆਂ ਦੇ ਪੂਰਨਿਆਂ ਉੱਤੇ ਚਲਣ ਦਾ ਤੁੱਛ ਜਿਹਾ ਹੱਲਾ ਮਾਰਨਾ ਚਾਹੁੰਦੇਆਂ।" ਕਹਿ ਕੇ ਭਗਵਾਨ ਸਿੰਘ ਚੁੱਪ ਹੋ ਗਿਆ।

ਕਰਤਾਰ ਕੌਰ ਨੇ ਨਜ਼ਰ ਉੱਚੀ ਕਰਦਿਆਂ ਥਰਰਾਂਦੀ ਆਵਾਜ਼ ਵਿਚ ਪੁੱਛਿਆਂ — "ਫਿਰ ਬੀਰ ਕਰਤਾਰ ਸਿੰਹੁ ਨੂੰ ਸਾਡੇ ਨਾਲ ਭੇਜਣ ਦੀ ਕੀ ਲੋੜ ਐ? ਅਸੀਂ ਆਪੇ ਚਲੇ ਜਾਵਾਂਗੇ। ਮੈਨੂੰ ਪਿੰਡ ਦਾ ਰਾਹ ਨਹੀਂ ਪਤਾ?"

"ਜਾਪਦੇ ਸਿੰਘ ਸਾਹਿਬ ਨੇ ਤੁਹਾਡੇ ਨਾਲ ਪੂਰੀ ਗੱਲ ਨਹੀਂ ਕੀਤੀ।"

"ਉਹ ਮੇਰੇ ਨਾਲ ਓਨੀ ਈ ਗੱਲ ਕਰਦੇ ਐ, ਜਿੰਨੀ ਲੋੜ ਹੋਂਦੀ ਐ। ਹੋਰ ਲੋਕਾਂ ਨਾਲ ਬਥੇਰੀਆਂ ਗਲਾਂ ਕਰਦੇ ਐ।"

"ਕਰਤਾਰ ਸਿੰਹੁ ਨੇ ਤਾਂ ਦੇਸ਼ ਜਾਣਾ ਹੀ ਐ। ਪਾਰਟੀ ਨੇ ਉਹਦੀ ਡਿਊਟੀ ਲਾਈ ਹੋਈ ਐ।"

"ਫਿਰ ਸਿੱਧੀ ਗੱਲ ਕਰੋ ਕਿ ਬੀਰ ਜੀ ਸਾਡੇ ਕਰ ਕੇ ਨਹੀਂ ਦੇਸ ਜਾ ਰਹੇ।"

"ਦੋਵੇਂ ਗੱਲਾਂ ਹੋ ਜਾਣਗੀਆਂ। ਨਾਲੇ ਉਹ ਆਪਣੀ ਡਿਊਟੀ ਤੇ ਜਾਣਗੇ ਨਾਲੇ ਤੁਹਾਡਾ ਸਾਥ ਹੋ ਜਾਏਗਾ।"

"ਅਸਲੀ ਗੱਲ ਦਾ ਹੁਣ ਪਤਾ ਲੱਗੈ। ਕਹਿੰਦੇ ਸੀ ਬੀਰ ਜੀ ਸਾਨੂੰ ਪਿੰਡ ਛੱਡਣ ਲਈ ਜਾਣਗੇ।"

ਹਰਿਦਿਆਲ ਸਿੰਘ, ਭੈਣਾਂ ਦੇ ਗੀਟੇ ਫੜ ਲੈਂਦਾ ਸੀ। ਉਹ ਰੌਲਾ ਪਾਂਦੀਆਂ ਸਨ। ਰੌਲਾ ਸੁਣ ਕੇ ਭਾਈ ਸਾਹਿਬ ਕਰਤਾਰ ਸਿੰਘ ਦੇ ਕਮਰੇ ਵਿਚੋਂ ਬਾਹਰ ਨਿਕਲ ਆਏ। ਉਨ੍ਹਾਂ ਹਰਿਦਿਆਲ ਸਿੰਘ ਨੂੰ ਚੁੱਕ ਲਿਆ। ਉਹ ਲੱਤਾਂ ਮਾਰ ਰਿਹਾ ਸੀ। ਕਰਤਾਰ ਕੌਰ ਨੇ ਉਠ ਕੇ ਹਰਿਦਿਆਲ ਸਿੰਘ ਨੂੰ ਵਰਾਉਣਾ ਸ਼ੁਰੂ ਕਰ ਦਿੱਤਾ।

(ਚਲਦਾ)

## ਗੁਰਦਾਸਪੁਰ ਵਿਚ ਦੋ ਅਲਕੋਹਲ ਪਲਾਂਟ

ਗੁਰਦਾਸਪੁਰ,—ਸ਼ੂਗਰ ਮਿਲ ਗੁਰਦਾਸਪੁਰ ਤੋਂ ਨਿਕਲਣ ਵਾਲੇ ਸੀਰੇ ਤੋਂ ਮਿਲ ਦੇ ਨਾਲ ਹੀ ਤਕਰੀਬਨ ਸਾਢੇ 12 ਕਰੋੜ ਰੁਪਏ ਦੀ ਲਾਗਤ ਨਾਲ ਉਦਯੋਗਿਕ ਅਲਕੋਹਲ ਅਤੇ ਦਵਾਈਆਂ ਬਨਾਣ ਦੇ 2 ਪਲਾਂਟ ਲਗਾਏ ਜਾਣਗੇ। ਜਿਹਨਾਂ ਰਾਹੀਂ 20 ਹਜ਼ਾਰ ਲਿਟਰ ਉਦਯੋਗਿਕ ਅਲਕੋਹਲ ਪ੍ਰਤੀ ਦਿਨ ਤਿਆਰ ਕੀਤੀ ਜਾਵੇਗੀ। ਅਤੇ ਇਹ ਪਲਾਂਟ ਅਗਲੇ ਸਾਲ ਦੇ ਜੂਨ ਮਹੀਨੇ ਤਕ ਕੰਮ ਆਰੰਭ ਕਰ ਦੇਵੇਗਾ। ਜਿਸ ਤੋਂ ਤਕਰੀਬਨ 100 ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮਿਲੇਗਾ।



ਕੇਵਲ ਸਿੰਘ ਪਾਬਲਾ, ਜੌਹਨ ਫਰੇਜ਼ਰ ਐਮ. ਪੀ. ਤੇ ਗੁਰਦੀਪ ਸਿੰਘ ਅਟਵਾਲ ਨਾਲ।

## ਚੀਨ ਦਾ ਬਦਲੇ ਰੌਂ : ਲੰਦਨ ਵਾਸ਼ਿੰਗਟਨ ਪਰੇਸ਼ਾਨ

ਵਾਸ਼ਿੰਗਟਨ, — ਪੱਛਮੀ ਗਠਜੋੜ ਦੇ ਦੋ ਦੇਸ਼ਾਂ, ਅਮਰੀਕਾ ਤੇ ਬਰਤਾਨੀਆਂ, ਨੂੰ ਅੱਜ ਕਲ੍ਹ ਇਸ ਗੱਲ ਦੀ ਸਖਤ ਪਰੇਸ਼ਾਨੀ ਹੈ ਕਿ ਚੀਨ ਹੌਲੀ ਹੌਲੀ ਸੋਵੀਅਤ ਯੂਨੀਅਨ ਨਾਲ ਆਪਣੇ ਸਬੰਧ ਸੁਧਾਰਨ ਤੇ ਪੱਛਮੀ ਦੇਸ਼ਾਂ ਵਲੋਂ ਮੱਲੇ ਹੋਏ ਅਪਣੇ ਖੇਤਰ ਵਾਪਸ ਲੈਣ ਦੀ ਨੀਤੀ ਅਪਣਾ ਰਿਹਾ ਹੈ।

ਚੀਨ ਨੇ ਹਾਂਗ ਕਾਂਗ, ਮਕਾਓ ਤੇ ਤਾਏਵਾਨ ਨੂੰ ਵਿਸ਼ੇਸ਼ ਖੇਤਰਾਂ ਦਾ ਦਰਜਾ ਦੇਣ ਦੀ ਪੇਸ਼ਕਸ਼ ਨਾਲ ਉਹਨਾਂ ਨੂੰ ਆਪਣੇ ਨਾਲ ਜੋੜਨ ਦੀ ਤਜਵੀਜ਼ ਪੇਸ਼ ਕੀਤੀ ਹੈ।

ਜਿਥੋਂ ਤੱਕ ਮਕਾਓ ਟਾਪੂਆਂ ਦਾ ਸਬੰਧ ਹੈ, ਉਹ ਤਾਂ ਚੀਨ ਦੀ ਜੇਬ ਵੀ ਹਨ ਕਿਉਂਕਿ ਪੁਰਤਗਾਲ, ਜਿਸ ਦਾ ਇਹਨਾਂ ਉਤੇ ਕਬਜ਼ਾ ਹੈ ਇਹਨਾਂ ਦੀ ਬਹੁਤੀ ਪਰਵਾਹ ਨਹੀਂ ਕਰਦਾ। ਉਂ[illegible]ਗਾਲ ਏਨਾ ਕਮਜ਼ੋਰ ਹੈ ਕਿ ਉਹ ਇਹਨਾਂ ਟਾਪੂਆਂ ਦੀ ਰਾਖੀ ਨਹੀਂ ਕਰ ਸਕਦਾ ਪਰ ਬਰਤਾਨੀਆਂ ਫਾਕਲੈਂਡ ਦੇ ਸਵਾਲ ਉਤੇ ਅਰਜਨਟਾਈਨਾ ਨੂੰ ਹਰਾਉਣ ਪਿਛੋਂ ਹਾਂਗਕਾਂਗ ਨੂੰ ਚੁਪ ਚੁਪੀਤਿਆਂ ਹਥੋਂ ਨਹੀਂ ਛੱਡ ਸਕਦਾ ਅਤੇ ਅਜੇ ਵੀ ਇਸ ਚੀਨੀ ਇਲਾਕੇ ਉਤੇ ਸ਼ਾਹੀ ਪ੍ਰਭੁਸਤਾ ਦਾ ਦਾਅਵਾ ਜਿਤਲਾ ਰਿਹਾ ਹੈ। ਬਰਤਾਨੀਆਂ ਸਰਕਾਰ ਸਮਝਦੀ ਹੈ ਕਿ ਕਿਉਂਕਿ ਹਾਂਗਕਾਂਗ ਵਪਾਰਕ ਪੱਖ ਤੋਂ ਚੀਨ ਲਈ ਬਹੁਤ ਲਾਹੇਵੰਦਾ ਹੈ ਇਸ ਲਈ ਉਹ ਇਸ ਨੂੰ ਵਿਸ਼ੇਸ਼ ਦਰਜਾ ਦੇ ਦੇਵੇਗਾ।

ਪਰ ਜੇ ਚੀਨ ਦੇ ਤਾਜ਼ਾ ਬਿਆਨ ਕੋਈ ਅਰਥ ਰੱਖਦੇ ਹਨ ਤਾਂ ਉਹਨਾਂ ਤੋਂ ਇਹੀ ਨਤੀਜਾ ਨਿਕਲਦਾ ਹੈ ਕਿ ਚੀਨ ਨੂੰ ਹਾਂਗਕਾਂਗ ਵਿਚ ਯੂਨੀਅਨ ਜੈਕ ਦੀ ਥਾਂ ਲਾਲ ਝੰਡਾ ਲਹਿਰਾਉਣ ਤੋਂ ਘੱਟ ਹੋਰ ਕੋਈ ਗੱਲ ਪਰਵਾਨ ਨਹੀਂ। ਚੀਨ ਇਸ ਬਸਤੀ ਵਿਚ ਬਰਤਾਨੀਆਂ ਦੇ ਆਰਥਕ ਹਿਤਾਂ ਨੂੰ ਸੁਰਖਿਆ ਦੇਣ ਲਈ ਤਿਆਰ ਹੈ ਪਰ ਉਸਦੇ ਰਾਜਨੀਤਕ ਦਾਅਵਿਆਂ ਨੂੰ ਮੰਨਣ ਲਈ ਤਿਆਰ ਨਹੀਂ।

ਚੀਨ ਸਮਝਦਾ ਹੈ ਕਿ ਹਾਂਗਕਾਂਗ ਉਹਨਾਂ ਅਸਾਵੇਂ ਸਮਝੌਤਿਆਂ ਦੀ ਉਪਜ ਹੈ, ਜਿਹੜੇ ਸਾਮਰਾਜੀ ਤਾਕਤਾਂ ਨੇ ਆਪਣੀ ਚੜ੍ਹਤ ਦੇ ਦੌਰ ਵਿਚ ਚੀਨ ਦੇ ਗਲ ਵਿਚ ਅੰਗੂਠਾ ਦੇ ਕੇ ਉਸ ਤੋਂ ਮੰਨਵਾਏ ਸਨ।

ਤਾਈਵਾਨ ਦੇ ਸਬੰਧ ਵਿਚ ਚੀਨ ਨਾ ਕੇਵਲ ਉਥੇ ਪਰਚਲਤ ਹਕੂਮਤੀ ਪ੍ਰਬੰਧ ਨੂੰ, ਸਗੋਂ ਉਸਦੇ ਆਪਣੀ ਫੌਜ ਰੱਖਣ ਦੇ ਹੱਕ ਨੂੰ ਵੀ ਮੰਨਣ ਲਈ ਤਿਆਰ ਹੈ ਬਸ਼ਰਤਕਿ ਉਸਨੂੰ ਇਹ ਯਕੀਨ ਦੁਆ ਦਿੱਤਾ ਜਾਏ ਕਿ ਇਕ ਨਿਸਚਿਤ ਤਾਰੀਖ ਪਿਛੋਂ ਤਾਈਵਾਨ ਨੂੰ ਅਮਰੀਕੀ ਹਥਿਆਰਾਂ ਦੀ ਸਪਲਾਈ ਨਹੀਂ ਕੀਤੀ ਜਾਏਗੀ।


BUYING SELLING TRADING

*Any Kind Of Real Estate Property*

ਮੁਬਾਰਕ

CONTACT

ਨਵਾਂ

JAS MANGAT

- BUYING
- TRADING
- FARMS
- SELLING
- COMMERCIAL
- INDUSTRIAL

ਸਾਲ

Bus: 324-1034
Res: 876-1629

CATHAY PACIFIC REALTY LTD.

5052 Victoria Dr., Vancouver

ਨਵਾਂ ਸਾਲ ਮੁਬਾਰਕ

WILL WHEATON

PONTIC BUICK GMC LTD.

325-12th St. NEW WEST.

FOR

New and used cars, station wagons, new & used truck, van and 4x4 jimmy....for all your driving needs....your well known professional salesman



Ph. Bus.526-2781
Res.524-4137
Pager 687-7711 #7610

KULDIP SINGH JHAND

# ਗੁਰਦੁਆਰਾ ਸਾਹਿਬ ਐਬਸਫੋਰਡ ਦਾ

# ਉਦਘਾਟਨ

## ਸ਼ਨਿਚਰਵਾਰ ਪਹਿਲੀ ਜਨਵਰੀ, 1983 ਨੂੰ ਸਵੇਰੇ ਦਸ ਵਜੇ

ਗੁਰੂ ਦੀ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ ।

ਵਾਹਿਗੁਰੂ ਜੀ ਕੀ ਫ਼ਤਿਹ ।

ਸਮੂਹ ਸੰਗਤ ਦੀ ਸੇਵਾ ਵਿਚ ਸਨਿਮਰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਐਬਸਫੋਰਡ ਦੀ ਨਵੀਂ ਇਮਾਰਤ ਦਾ ਉਦਘਾਟਨ ਨਵੇਂ ਸਾਲ ਪਹਿਲੀ ਜਨਵਰੀ, 1983 ਨੂੰ ਸਵੇਰੇ ਦਸ ਵਜੇ ਦਿਨ ਸ਼ਨਿਚਰਵਾਰ ਹੋਵੇਗਾ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਪੰਜਾਂ ਪਿਆਰਿਆਂ ਦੀ ਹਜ਼ੂਰੀ ਵਿਚ ਪੁਰਾਣੇ ਗੁਰੂ ਘਰ ਤੋਂ ਸਵੇਰੇ ਨੌਂ ਵਜੇ ਤੁਰੇਗੀ ਤੇ ਨਵੇਂ ਗੁਰੂ ਘਰ ਵਿਚ ਦਸ ਵਜੇ ਪਾਵਨ ਬੀੜ ਦੇ ਪਹੁੰਚਣ ਤੇ ਰਿਬਨ ਕੱਟਣ ਦੀ ਰਸਮ ਅਦਾ ਹੋਵੇਗੀ ।

ਸ੍ਰੀ ਅਖੰਡ ਪਾਠ ਦਾ ਆਰੰਭ ਹੋਵੇਗਾ । ਸਾਢੇ ਦਸ ਵਜੇ ਨਿਸ਼ਾਨ ਸਾਹਿਬ ਝੁਲਾਉਣ ਦੀ ਰਸਮ ਹੋਵੇਗੀ । ਤੇ ਧਾਰਮਿਕ ਦੀਵਾਨ ਸਜੇਗਾ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਦਿਵਸ ਤੇ ਗੁਰਪੁਰਬ ਦਾ ਭੋਗ 3 ਜਨਵਰੀ ਸੋਮਵਾਰ ਸਾਢੇ ਦਸ ਵਜੇ ਪਵੇਗਾ ।ਗੁਰੂ ਕਾ ਲੰਗਰ ਅਤੁੱਟ ਵਰਤੇਗਾ । ਤੇ ਧਾਰਮਿਕ ਦੀਵਾਨ ਸਜੇਗਾ ।

ਪ੍ਰੋਗਰਾਮ :

ਸ਼ਨਿਚਰਵਾਰ 1 ਜਨਵਰੀ 1983 :ਨੌਂ ਵਜੇ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਪੁਰਾਣੇ ਗੁਰੂ ਘਰ ਤੋਂ ਨਵੇਂ ਗੁਰੂ ਘਰ ਚਲੇਗੀ ।
ਦਸ ਵਜੇ ਉਦਘਾਟਨੀ ਰਸਮ ਹੋਵੇਗੀ ।
ਸਾਢੇ ਦਸ ਵਜੇ ਨਿਸ਼ਾਨ ਸਾਹਿਬ ਝੁਲਾਏ ਜਾਣਗੇ ।
ਅਖੰਡ ਪਾਠ ਅਰੰਭ ਹੋਣਗੇ । ਦੀਵਾਨ ਸਜੇਗਾ ।

ਸੋਮਵਾਰ 3 ਜਨਵਰੀ 1983 :ਸ੍ਰੀ ਗੁਰੂ ਗੋਬਿਦ ਸਿੰਘ ਜੀ ਦੇ ਆਗਮਨ ਦਾ ਗੁਰਪੁਰਬ ਭੋਗ ਸਾਢੇ ਦਸ ਵਜੇ ਪਵੇਗਾ ਤੇ ਦੀਵਾਨ ਸਜੇਗਾ। ਗੁਰੂ ਕਾ ਲੰਗਰ ਚਲੇਗਾ ।

ਸੰਗਤਾਂ ਦੇ ਸੇਵਾਦਾਰ
ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ
33089, ਸਾਊਥ ਫਰੇਜ਼ਰਵੇਅ,
ਐਬਸਫੋਰਡ-ਬੀ. ਸੀ.
ਫ਼ੋਨ 859-5665

ੴ ਸਤਿਗੁਰ ਪ੍ਰਸਾਦਿ

# ਗੁਰੂ ਨਾਨਕ ਸਿੱਖ ਗੁਰਦੁਆਰਾ, ਡੈਲਟਾ ਸਰੀ, ਬੀ. ਸੀ. ਕੈਨੇਡਾ

GURU NANAK SIKH TEMPLE
7050 120th Street
Surrey, B.C. Canada. V3W 3M8

# ਨਵੇਂ ਸਾਲ 1983 ਦੀ ਖੁਸ਼ੀ ਵਿਚ ਗੁਰੂ ਨਾਨਕ ਸਿੱਖ ਟੈਂਪਲ ਡੈਲਟਾ ਸਰੀ ਵਿਖੇ ਮਹਾਨ ਕੀਰਤਨ ਦਰਬਾਰ

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ ।
ਵਾਹਿਗੁਰੂ ਜੀ ਕੀ ਫ਼ਤਿਹ ।

ਸੰਗਤਾਂ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਸੰਗਤਾਂ ਦੇ ਉਤਸ਼ਾਹ ਨੂੰ ਮੁੱਖ ਰੱਖਦੇ ਹੋਏ ਗੁਰੂ ਨਾਨਕ ਸਿੱਖ ਟੈਂਪਲ ਡੈਲਟਾ ਸਰੀ ਦੇ ਸੇਵਾਦਾਰਾਂ ਅਤੇ ਸੰਗਤ ਨੇ ਨਵੇਂ ਸਾਲ (New Year Eve ) ਦੇ ਆਗਮਨ ਦੀ ਖੁਸ਼ੀ ਵਿਚ ਮਹਾਨ ਕੀਰਤਨ ਦਰਬਾਰ ਸਜਾਉਣ ਦਾ ਯਤਨ ਕੀਤਾ ਹੈ ਜੋ ਕਿ ਹਰ ਸਾਲ ਮਨਾਇਆ ਜਾਵੇਗਾ । ਜਿਸ ਵਿਚ ਭਾਰਤ ਤੋਂ ਆਏ ਹੋਏ ਮਹਾਨ ਕੀਰਤਨੀ ਜੱਥੇ ਅਤੇ ਸਥਾਨਕ ਜੱਥੇ ਭਾਗ ਲੈਣਗੇ ।

ਸੰਗਤਾਂ ਨਵੇਂ ਸਾਲ ਨੂੰ ਗੁਰੂ ਸਾਹਿਬਾਨ ਦੀ ਓਟ ਅਤੇ ਆਸਰਾ ਲੈਂਦੇ ਹੋਏ ਅਰਦਾਸਾ ਕਰਨਗੀਆਂ ਕਿ ਅਕਾਲ ਪੁਰਖ ਵਾਹਿਗੁਰੂ, ਨਵਾਂ ਸਾਲ ਸਮੁੱਚੇ ਤੌਰ ਤੇ ਸਿੱਖ ਕੌਮ ਅਤੇ ਸਰਬੱਤ ਦੇ ਭਲੇ ਵਾਲਾ ਚੜ੍ਹੇ ।

ਕੀਰਤਨ ਦਰਬਾਰ 31 ਦਸੰਬਰ,1982 ਨੂੰ 7 ਵਜੇ ਸ਼ਾਮ ਨੂੰ ਆਰੰਭ ਹੋਵੇਗਾ ਅਤੇ ਨਵਾਂ ਸਾਲ ਜੈਕਾਰਿਆਂ ਦੀ ਗੂੰਜ ਵਿਚ ਸੁੱਖਾਂ ਦੇ ਸੰਦੇਸ਼ ਲੈ ਕੇ ਆਵੇਗਾ । ਉਸ ਤੋਂ ਉਪਰੰਤ ਅਰਦਾਸ ਅਤੇ ਸਮਾਪਤੀ ਹੋਵੇਗੀ । ਏਸੇ ਖੁਸ਼ੀ ਵਿਚ ਸੰਗਤਾਂ ਵਲੋਂ 31 ਦਸੰਬਰ, 1982 ਦਿਨ ਸ਼ੁਕਰਵਾਰ,ਨੂੰ ਅਕਾਲੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਆਰੰਭ ਹੋਣਗੇ ਜਿਸ ਦਾ ਭੋਗ 2 ਜਨਵਰੀ, 1983 ਦਿਨ ਐਤਵਾਰ ਨੂੰ ਪਵੇਗਾ । ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਚੱਲੇਗਾ ।

ਇਸ ਸਾਰੇ ਜੋੜ ਮੇਲੇ ਦੀ ਸੇਵਾ ਗੁਰੂ ਘਰ ਦੇ ਪਰੀਤਵਾਨ ਡਾਕਟਰ ਸੱਚਦੇਵਾ ਅਤੇ ਸਾਰੇ ਪ੍ਰਵਾਰ ਵਲੋਂ ਕੀਤੀ ਜਾਵੇਗੀ ।

ਨੋਟ:— ਲੋਕਲ ਕੀਰਤਨੀ ਸੱਜਨ ਅਤੇ ਜੱਥਿਆਂ ਅੱਗੇ ਬੇਨਤੀ ਹੈ ਕਿ ਸਮੇਂ ਸਿਰ ਆਪਣਾ ਨਾਮ ਦਰਜ ਕਰਵਾ ਦੇਣ ਤਾਂ ਕਿ ਟਾਈਮ ਦੀ ਸਹੀ ਵੰਡ ਹੋ ਸਕੇ ।

ਸੰਗਤਾਂ ਦੇ ਦਾਸ :
ਸੇਵਾਦਾਰ
ਗੁਰੂ ਨਾਨਕ ਸਿੱਖ ਟੈਂਪਲ ਡੈਲਟਾ-ਸਰੀ

## ਹਜ਼ਾਰਾਂ ਪ੍ਰੀਵਾਰ ਬੇਘਰ ਹੋ ਗਏ

ਇਹਨਾਂ ਦਿਨਾਂ ਵਿਚ ਅਯੋਗ ਉਸਾਰੀਆਂ ਖਤਮ ਕੀਤੀਆਂ ਜਾ ਰਹੀਆਂ ਹਨ। ਖਾਸ ਤੌਰ ਤੇ ਮੋਹਾਲੀ ਤੇ ਲੁਧਿਆਣਾ ਵਿਚ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਮਕਾਨ ਡੇਗ ਦਿਤੇ ਗਏ ਹਨ। ਮੋਹਾਲੀ ਵਿਚ ਫੇਜ਼ 4 ਵਿਚ 2 ਹਜ਼ਾਰ ਮਕਾਨ ਡੇਗ ਦਿਤੇ ਗਏ। ਇਸ ਮੰਤਵ ਲਈ ਅਨੰਦਪੁਰ ਸਾਹਿਬ ਤੋਂ ਪੁਲਸ ਮੰਗਵਾਈ ਗਈ। ਜਦ ਮਕਾਨ ਡੇਗੇ ਜਾ ਰਹੇ ਸਨ ਤਾਂ ਰੋਪੜ ਦੇ ਡਿਪਟੀ ਕਮਿਸ਼ਨਰ ਨੇ ਦੋ ਵਾਰ ਫੇਰਾ ਮਾਰਿਆ। ਕਿਸੇ ਨੇ ਕੋਈ ਰੋਕ ਨਹੀਂ ਪਾਈ। ਬੁਲਡੋਜ਼ਰਾਂ ਨੇ ਆ ਕੇ ਸਾਰੇ ਮਕਾਨ ਕੁਝ ਘੰਟਿਆਂ ਵਿਚ ਹੀ ਜ਼ਮੀਨ ਨਾਲ ਮਿਲਾ ਦਿਤੇ। ਜਿਥੇ ਪਹਿਲਾਂ ਬੜੀ ਰੌਣਕ ਸੀ, ਉਥੇ ਸਿਵਾਏ ਖੰਡਰਾਂ ਦੇ ਕੁਝ ਵੀ ਨਹੀਂ ਸੀ। ਲੋਕ ਆਪਣੇ ਬਾਲ ਬਚਿਆਂ ਸਮੇਤ ਸਮਾਨ ਲੈ ਕੇ ਖੁਲੇ ਅਸਮਾਨ ਥੱਲੇ ਬੈਠੇ ਸਨ। ਇਸ ਸਰਦੀ ਦੇ ਮੌਸਮ ਵਿਚ ਉਹਨਾਂ ਨਾਲ ਕੀ ਗੁਜ਼ਰਦੀ ਹੋਵੇਗੀ, ਇਸ ਦਾ ਅਨੁਮਾਨ ਆਸਾਨੀ ਨਾਲ ਲਗਾਇਆ ਜਾ ਸਕਦਾ ਹੈ। ਅਜ ਕਲ ਜਦ ਲੋ— ਬੰਦ ਕਮਰਿਆਂ ਵਿਚ ਰਜ਼ਾਈਆਂ ਵਿਚ ਸੌਂਦੇ ਹਨ ਤਾਂ ਫਿਰ ਖੁਲੇ ਅਸਮਾਨ ਥਲੇ ਰਹਿਣ ਵਾਲਿਆਂ ਨਾਲ ਕੀ ਗੁਜ਼ਰ ਰਹੀ ਹੋਵੇਗੀ। ਕੁਝ ਘੰਟੇ ਪਹਿਲਾਂ ਹੀ ਉਹ ਵੀ ਆਪਣੇ ਮਕਾਨਾਂ ਵਿਚ ਰਹਿ ਰਹੇ ਸਨ ਤੇ ਬਹੁਤ ਸਾਰਿਆਂ ਨੇ ਸ਼ਾਇਦ ਆਪਣੀ ਸਾਰੀ ਉਮਰ ਦੀ ਕਮਾਈ ਕਰਕੇ ਤੇ ਕਰਜ਼ੇ ਆਦਿ ਲੈ ਕੇ ਇਹ ਮਕਾਨ ਬਣਾਏ ਸਨ। ਉਹਨਾਂ ਦੇ ਅਜੇ ਕਰਜ਼ੇ ਵੀ ਨਹੀਂ ਲਥੇ ਸਨ ਕਿ ਉਹ ਬੇਘਰ ਹੋ ਗਏ। ਅਸਟੇਟ ਆਫਿਸ ਨੇ ਜੋ ਮਕਾਨ ਤੇ ਹੋਰ ਉਸਾਰੀਆਂ ਅਜੇ ਡੇਗਣੀਆਂ ਹਨ, ਉਹਨਾਂ ਦੀ ਨਿਸ਼ਾਨ ਦੇਹੀ ਵੀ ਕਰ ਲਈ ਗਈ ਹੈ।— ਇਸ ਤਰ੍ਹਾਂ ਲੁਧਿਆਣਾ ਵਿਚ ਵੀ ਅਯੋਗ ਉਸਾਰੀਆ ਡੇਗੀਆਂ ਜਾ ਰਹੀਆਂ ਹਨ।ਪੰਜਾਬ ਸਰਕਾਰ ਨੇ ਹੁਕਮ ਦਿਤਾ ਹੈ ਕਿ ਜਿਥੇ ਵੀ ਅਯੋਗ ਉਸਾਰੀਆਂ ਕੀਤੀਆ ਗਈਆਂ ਹਨ ਉਨ੍ਹਾਂ ਨੂੰ ਗਿਰਾ ਦਿਤਾ ਜਾਏ। ਇਸ ਸੁਆਲ ਦੇ ਦੋ ਪੱਖ ਹਨ ਟੈਕਨੀਕਲ ਤੌਰ ਤੇ ਅਧਿਕਾਰੀ ਠੀਕ ਹੋ ਸਕਦੇ ਹਨ ਕੇ ਜਿਥੇ ਵੀ ਕੋਈ ਅਯੋਗ ਉਸਾਰੀ ਹੋਵੇ ਉਸ ਨੂੰ ਡੇਗ ਦਿਤਾ ਜਾਏ ਕਿਸੇ ਨੂੰ ਇਹ ਅਧਿਕਾਰ ਨਹੀਂ ਕਿ ਉਹ ਸਰਕਾਰ ਜਾਂ ਸਰਕਾਰ ਦੀ ਕਿਸੇ ਏਜੰਸੀ ਦੀ ਜ਼ਮੀਨ ਤੇ ਕਬਜ਼ਾ ਕਰਕੇ ਉਸ ਤੇ ਉਸਾਰੀ ਕਰ ਲਵੇ ਇਸ ਲਈ ਅਧਿਕਾਰੀ ਤਾਂ ਕਹਿ ਦੇਣਗੇ ਉਨ੍ਹਾਂ ਨੇ ਨਕਸ਼ੇ ਪਾਸ ਨਹੀਂ ਕੀਤੇ, ਜ਼ਮੀਨਾ ਨਹੀਂ ਵੇਚੀਆਂ। ਕਾਲੋਨੀਆਂ ਦੀ ਆਗਿਆ ਨਹੀਂ ਦਿਤੀ ਤਾਂ ਜਿੰਨਾਂ ਨੇ ਮਕਾਨ ਆਦਿ ਬਣਾ ਲਏ ਉਨ੍ਹਾਂ ਨੇ ਆਪਣੇ ਰਿਸਕ ਅਤੇ ਜ਼ਿੰਮੇਵਾਰੀ ਤੇ ਹੀ ਮਕਾਨ ਬਣਾਏ। ਇਥੋ ਤਕ ਤਾਂ ਉਨ੍ਹਾਂ ਦੀ ਗੱਲ ਤਾਂ ਠੀਕ ਹੈ ਪਰ ਸੁਆਲ ਇਹ ਹੈ ਕਿ ਇਹ ਮਕਾਨ ਰਾਤੋਂ ਰਾਤ ਤਾਂ ਉਸਰ ਨਹੀਂ ਗਏ। ਇਹ ਮਕਾਨ ਇਕ ਦੂਜੇ ਦੀ ਦੇਖਾ ਦੇਖੀ ਉਸਾਰੇ ਗਏ ਕੁਝ ਲੋਕ "ਖਾਮ ਮਖਾਹ" ਹੀ ਕਿਧਰੇ ਖਾਲੀ ਪਈ ਜ਼ਮੀਨ ਦੇ ਮਾਲਕ ਬਣ ਬੈਠਦੇ ਹਨ। ਸ਼ਹਿਰਾਂ ਵਿਚ ਮਕਾਨਾਂ ਦੀ ਬਹੁਤ ਘਾਟ ਹੈ। ਫਿਰ ਕਰਾਏ ਇੰਨੇ ਜ਼ਿਆਦਾ ਹਨ ਕਿ ਗਰੀਬ ਆਦਮੀ ਤਾਂ ਇੰਨਾਂ ਕਰਾਇਆ ਤਾਂ ਅਦਾ ਕਰਨ ਦਾ ਸੁਪਨਾ ਵੀ ਨਹੀਂ ਲੈ ਸਕਦਾ ਅਤੇ ਹੁਣ ਤਾਂ ਦਰਮਿਆਨੇ ਦਰਜ਼ੇ ਦੇ ਲੋਕਾਂ ਲਈ ਵੀ ਐਨੇ ਕਿਰਾਏ ਅਦਾ ਕਰਨੇ ਮੁਸ਼ਕਲ ਹਨ। ਇਸ ਲਈ ਲੋਕ ਕਿਰਾਇਆਂ ਤੋਂ ਬਚਣ ਲਈ ਖਾਲੀ ਪਈਆਂ ਥਾਵਾਂ ਤੇ ਉਸਾਰੀ ਸ਼ੁਰੂ ਕਰ ਦਿੰਦੇ ਹਨ ਤੇ ਇਹਨਾਂ ਜ਼ਮੀਨਾਂ ਦੇ ਜਾਅਲੀ ਮਾਲਕ ਉਹਨਾਂ ਨੂੰ ਐਨੇ ਸਬਜ਼ ਬਾਗ ਦਿਖਾਂਦੇ ਹਨ ਕਿ ਉਹ ਵਿਚਾਰੇ ਆਪਣੀ ਸਾਰੀ ਉਮਰ ਦੀ ਪੂੰਜੀ ਇਸ ਵਿਚਾਰ ਨਾਲ ਲਗਾਉਣ ਲਈ ਤਿਆਰ ਹੋ ਜਾਂਦੇ ਹਨ ਤਾਂ ਜੋ ਉਹਨਾਂ ਨੂੰ ਸਿਰ ਲੁਕਾਉਣ ਲਈ ਛੱਤ ਮਿਲ ਸਕੇ। ਇਹ ਸਭ ਕੁਝ ਅਧਿਕਾਰੀਆਂ ਦੀ ਨਕ ਥਲੇ ਹੈ। ਉਹਨਾਂ ਦੇ ਸਾਹਮਣੇ ਹੀ ਮਕਾਨ ਉਸਰ ਰਹੇ ਹੁੰਦੇ ਹਨ ਉਹ ਚੁੱਪ ਰਹਿੰਦੇ ਹਨ। ਜੇ ਉਹ ਪਹਿਲਾਂ ਹੀ ਲੋਕਾਂ ਨੂੰ ਦੱਸਣ ਕਿ ਜੋ ਮਕਾਨ ਉਹ ਉਸਾਰ ਰਹੇ ਹਨ, ਉਹ ਢਹਿ ਢੇਰੀ ਕਰ ਦਿਤੇ ਜਾਣਗੇ ਤਾਂ ਲੋਕ ਅਜਿਹਾ ਕਰਨ ਤੋਂ ਬਾਜ਼ ਆ ਸਕਦੇ ਹਨ। ਆਖਿਰਕਾਰ ਕੌਣ ਇਸ ਤਰਾਂ ਆਪਣਾ ਪੈਸਾ ਬਰਬਾਦ ਕਰਨ ਲਈ ਤਿਆਰ ਹੋ ਸਕਦਾ ਹੈ। ਇਹ ਅਧਿਕਾਰੀਆਂ ਦੀ ਗਲਤੀ ਵੀ ਹੈ ਕਿ ਉਹ ਅਯੋਗ ਉਸਾਰੀਆਂ ਕਰਨ ਵਾਲਿਆਂ ਨੂੰ ਪਹਿਲਾਂ ਰੋਕਦੇ ਨਹੀਂ। ਇਸ ਦੇ ਨਾਲ ਹੀ ਇਹ ਦੇਸ਼ ਦਾ ਵੀ ਨੁਕਸਾਨ ਹੈ। ਮਕਾਨਾਂ ਦੀ ਉਸਾਰੀ ਤੇ ਬੜਾ ਕੀਮਤ ਮਟੀਰੀਅਲ ਲੱਗਦਾ ਹੈ। ਉਹ ਵੀ ਸਾਰਾ ਜ਼ਾਇਆ ਹੋ ਗਿਆ। ਇਸ ਸਬੰਧੀ ਅਸੀਂ ਇਹ ਵੀ ਕਹਿਣਾ ਚਾਹੁੰਦੇ ਹਾਂ ਜੋ ਲੋਕ ਬੇਘਰ ਹੋ ਗਏ ਹਨ, ਉਹਨਾਂ ਨੂੰ ਦੁਵਾਰਾ ਵਸਾਇਆ ਜਾਣਾ ਚਾਹੀਦਾ ਹੈ। ਸਰਕਾਰ ਉਹਨਾਂ ਦੀ ਮਦਦ ਜ਼ਰੂਰ ਕਰੇ। ਸਰਕਾਰ ਵਲੋਂ ਜੋ ਮਕਾਨ ਬਣਾਏ ਜਾਂਦੇ ਹਨ, ਉਹਨਾਂ ਵਿਚ ਇਹਨਾਂ ਲੋਕਾਂ ਨੂੰ ਪਹਿਲ ਦੇਵੇ। ਚੰਗਾ ਹੁੰਦਾ ਜੇ ਇਹਨਾਂ ਦਾ ਪਹਿਲਾਂ ਪ੍ਰਬੰਧ ਕਰਕੇ ਫਿਰ ਇਹਨਾਂ ਦੇ ਮਕਾਨ ਢਾਏ ਜਾਂਦੇ। ਇਸਦੇ ਨਾਲ ਹੀ ਜਿਥੇ ਵੀ ਕਿਧਰੇ ਅਯੋਗ ਉਸਾਰੀ ਹੋ ਰਹੀ ਹੋਵੇ ਤਾਂ ਅਧਿਕਾਰੀ ਉਸਨੂੰ ਤੁਰੰਤ ਰੋਕ ਦੇਣ। ਲੋਕ ਅਜਿਹੀਆਂ ਥਾਵਾਂ ਉਤੇ ਜਿਹਨਾਂ ਬਾਰੇ ਉਹਨਾਂ ਨੂੰ ਸ਼ੱਕ ਹੋਵੇ ਕਿ ਉਹ ਪਰਵਾਨਤ ਕਲੋਨੀਆਂ ਨਹੀਂ, ਅਜਿਹੀਆਂ ਉਸਾਰੀਆਂ ਨਾ ਕਰਨ ਅਤੇ ਜੇ ਕੋਈ ਉਹਨਾਂ ਨੂੰ ਸਬਜ਼ ਬਾਗ ਦਿਖਾਏ ਤਾਂ ਉਸਦੇ ਬਹਿਕਾਵੇ ਵਿਚ ਨਾ ਆਉਣ। ਲੋਕਾਂ ਦੀ ਲੋੜ ਦਾ ਜੋ ਲੋਕ ਲਾਭ ਉਠਾਂਦੇ ਹਨ, ਉਹਨਾਂ ਵਿਰੁਧ ਵੀ ਸਖਤ ਤੋਂ ਸਖਤ ਕਰਾਵਾਈ ਕੀਤੀ ਜਾਣੀ ਚਾਹੀਦੀ ਹੈ। ਇਹ ਨਹੀਂ ਕੋਈ ਵਿਅਕਤੀ ਤਾਂ ਸਰਕਾਰੀ ਜ਼ਮੀਨਾਂ ਦੇ ਨਾਮ ਤੇ ਲੱਖਾਂ ਰੁਪੈ ਇਕੱਠੇ ਕਰ ਲਏ ਤੇ ਬਾਅਦ ਵਿਚ ਹਜ਼ਾਰਾਂ ਲੋਕ ਆਪਣੀ ਖੂਨ ਪਸੀਨੇ ਦੀ ਕਮਾਈ ਲੁਟਾ ਕੇ ਸੜਕਾਂ ਤੇ ਰੁਲਣ ਤੇ ਮਜਬੂਰ ਹੋ ਜਾਣ। ਸਰਕਾਰ ਤੋਂ ਲੋਕਾਂ ਦੇ ਆਪਸੀ ਸਹਿਯੋਗ ਨਾਲ ਲੋਕ ਲੁਟੇ ਜਾਣ ਤੇ ਤਬਾਹ ਹੋਣ ਤੋਂ ਬਚ ਸਕਦੇ ਹਨ

## ਦਲ 26 ਜਨਵਰੀ ਤੱਕ ਫੈਸਲਾ ਉਡੀਕੇਗਾ

**ਅੰਮ੍ਰਿਤਸਰ :—ਅਕਾਲੀ ਵਿਧਾਇਕਾਂ ਅਤੇ ਪਾਰਲੀਮੈਂਟ ਮੈਂਬਰਾਂ ਦੇ ਅਸਤੀਫੇ 26 ਜਨਵਰੀ ਨੂੰ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ "ਸੰਬੰਧਤ ਅਧਿਕਾਰੀਆਂ" ਦੇ ਹਵਾਲੇ ਕੀਤੇ ਜਾਣਗੇ।**

ਇਸ ਤਰ੍ਹਾਂ ਅਕਾਲੀ ਹਾਈਕਮਾਂਡ ਨੇ ਅਸਤੀਫਿਆਂ ਬਾਰੇ ਫੈਸਲੇ ਨੂੰ ਲਗਭਗ ਡੇਢ ਮਹੀਨੇ ਲਈ ਹੋਰ ਲਟਕਾ ਕੇ ਸਰਕਾਰ ਨਾਲ ਗਲਬਾਤ ਲਈ ਗੁੰਜਾਇਸ਼ ਰੱਖ ਲਈ ਹੈ। ਅਕਾਲੀ ਲੀਡਰਸ਼ਿਪ ਸਮਝਦੀ ਜਾਪਦੀ ਹੈ ਕਿ ਏਨੇ ਸਮੇਂ ਦੌਰਾਨ ਵਿਚੋਲਿਆਂ ਨੂੰ ਕਿਸੇ ਨ ਕਿਸੇ ਸਮਝੌਤੇ ਉਤੇ ਅਕਾਲੀ ਦਲ ਅਤੇ ਕੇਂਦਰ ਸਰਕਾਰ ਨੂੰ ਰਾਜ਼ੀ ਕਰਨ ਦਾ ਕੋਈ ਨਾ ਕੋਈ ਰਾਹ ਲੱਭ ਹੀ ਪਵੇਗਾ।

ਅਕਾਲੀ ਹਾਈ ਕਮਾਂਡ ਦੀ ਮੀਟਿੰਗ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕ ਕੇਂਦਰੀ ਖੇਤੀ ਮੰਤਰੀ ਸੁਰਜੀਤ ਸਿੰਘ ਬਰਨਾਲਾ, ਸਾਬਕਾ ਖਜ਼ਾਨਾ ਮੰਤਰੀ ਸ੍ਰੀ ਬਲਵੰਤ ਸਿੰਘ ਤੇ ਹੋਰ ਆਗੂਆਂ ਨੇ ਅਸਤੀਫੇ ਇਕ ਦਮ ਸੰਬੰਧਤ ਅਧਿਕਾਰੀਆਂ ਦੇ ਹਵਾਲੇ ਕਰਨ ਦੇ ਵਿਚਾਰ ਦਾ ਵਿਰੋਧ ਕੀਤਾ ਅਤੇ ਦਲ ਵਿਚਲੇ ਗਰਮ ਖਿਆਲੀਆਂ ਨੂੰ "ਅਜੇ ਹੋਰ ਉਡੀਕ" ਕਰਨ ਲਈ ਅੰਤ ਰਾਜ਼ੀ ਕਰ ਲਿਆ। ਇਸ ਤੋਂ ਪਹਿਲਾਂ ਮੀਟਿੰਗ ਵਿਚ ਕਾਫੀ ਗਰਮਾ ਗਰਮੀ ਹੋਈ ਅਤੇ ਇਕ ਪੜਾਅ ਉਤੇ ਮੀਟਿੰਗ ਬਿਨਾਂ ਕੋਈ ਫੈਸਲਾ ਕੀਤਿਆ ਹੀ ਲਗਭਗ ਉਠ ਖੜੀ ਹੋਈ। ਮੀਟਿੰਗ ਵਿਚ ਗਰਮ ਖਿਆਲੀਆਂ ਨੇ ਇਹ ਵਿਚਾਰ ਵੀ ਰੱਖਿਆ ਕਿ ਸੰਤ ਭਿੰਡਰਾਂਵਾਲੇ ਦੇ ਹਵਾਲੇ ਕਰ ਦਿਤਾ ਜਾਵੇ ਜਾਂ ਸੰਤ ਲੌਂਗੋਵਾਲ ਅਤੇ ਸੰਤ ਭਿੰਡਰਾਂਵਾਲੇ ਨੂੰ ਸਾਂਝੇ ਤੌਰ ਤੇ ਮੋਰਚੇ ਦੇ ਡਿਕਟੇਟਰ ਬਣਾ ਦਿਤਾ ਜਾਵੇ। ਪਰ ਇਹ ਵਿਚਾਰ ਅੰਤਮ ਤੌਰ ਤੇ ਪਾਸ ਨਾ ਹੋਇਆ। ਅਤੇ ਮੋਰਚੇ ਦੇ ਸਾਰੇ ਅਧਿਕਾਰ ਸੰਤ ਹਰਚੰਦ ਸਿੰਘ ਲੌਂਗੋਵਾਲ ਕੋਲ ਹੀ ਰਹਿਣ ਦਿਤੇ ਗਏ।

ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕਿਹਾ, "ਇਹ ਅਸਤੀਫੇ ਜਮਹੂਰੀਅਤ ਦੇ ਨਾਂਅ ਉਤੇ ਸਰਕਾਰ ਵਲੋਂ ਅਪਣਾਏ ਗਏ ਤਾਨਾਸ਼ਾਹ ਵਤੀਰੇ ਵਿਰੁਧ ਰੋਸ ਹਨ"। ਸ੍ਰੀ ਲੌਂਗੋਵਾਲ ਰਾਤ ਦੀ ਹਾਈ ਕਮਾਂਡ ਦੀ ਮੀਟਿੰਗ ਬਾਰੇ ਪੱਤਰਕਾਰਾਂ ਨੂੰ ਕਹਿ ਰਹੇ ਸਨ।

ਸੰਤ ਨੇ ਕਿਹਾ ਅਕਾਲੀ ਦਲ ਨੂੰ ਭਾਰਤ ਦੇ ਸੰਵਿਧਾਨ ਵਿਚ ਕੋਈ ਵਿਸ਼ਵਾਸ ਨਹੀਂ ਰਹਿਆ। ਉਹਨਾਂ ਕਿਹਾ ਸੰਵਿਧਾਨ ਅਤੇ ਕਾਨੂੰਨ ਸਿੱਖਾਂ ਜਿਹੜੇ ਕਿ ਘਟ ਗਿਣਤੀ ਵਿਚ ਹਨ, ਦੇ ਹਿੱਤਾਂ ਦੀ ਰਾਖੀ ਕਰਨ ਵਿਚ ਅਸਫਲ ਰਿਹਾ।

ਸੰਤ ਨੇ ਕਿਹਾ ਇਸੇ ਕਰਕੇ ਅਸੀਂ ਆਪਣੇ ਵਿਧਾਇਕਾਂ ਅਤੇ ਪਾਰਲੀਮੈਂਟ ਮੈਂਬਰਾਂ ਨੂੰ ਅਪੀਲ ਕੀਤੀ ਸੀ ਕਿ ਉਹ ਆਪਣੇ ਅਸਤੀਫੇ ਪੇਸ਼ ਕਰ ਦੇਣ। ਸਭ ਨੇ ਅਪੀਲ ਦਾ ਹੁੰਗਾਰਾ ਭਰਿਆ ਅਤੇ ਅਸਤੀਫੇ ਭੇਜ ਦਿਤੇ। ਉਹਨਾਂ ਦੱਸਿਆ ਕਿ ਵਿਧਾਇਕਾਂ ਵਲੋਂ ਸਿਰਫ ਡਾਕਟਰ ਭਗਤ ਸਿੰਘ ਹੀ ਅਜੇਹੇ ਹਨ, ਜਿਨ੍ਹਾਂ ਨੇ ਅਜੇ ਤੱਕ ਆਪਣਾ ਅਸਤੀਫਾ ਨਹੀਂ ਭੇਜਿਆ ਕਿਉਂਕਿ ਉਹ ਬਦੇਸ਼ ਗਏ ਹੋਏ ਹਨ, ਸੰਤ ਨੇ ਕਿਹਾ ਉਹਨਾਂ ਨਾਲ ਸੰਪਰਕ ਕੀਤਾ ਗਿਆ ਹੈ ਉਹ ਛੇਤੀ ਹੀ ਆਪਣਾ ਅਸਤੀਫਾ ਪੇਸ਼ ਕਰ ਦੇਣਗੇ। ਅਕਾਲੀ ਆਗੂ ਨੇ ਕਿਹਾ ਮੋਰਚਾ ਪਹਿਲਾਂ ਵਾਂਗ ਹੀ ਜਾਰੀ ਰਹੇਗਾ ਤੇ ਵਰਕਰ ਆਪਣੀਆਂ ਗ੍ਰਿਫਤਾਰੀਆਂ ਦਿੰਦੇ ਰਹਿਣਗੇ।

ਮੋਰਚੇ ਦੀ ਅਗਲੀ ਰੂਪ ਰੇਖਾ ਦਾ ਐਲਾਨ ਵੀ 26 ਜਨਵਰੀ ਨੂੰ ਰੀਪਬਲਿਕ ਦਿਵਸ ਤੇ ਕੀਤਾ ਜਾਵੇਗਾ।

ਜਦੋਂ ਸੰਤ ਲੌਂਗੋਵਾਲ ਨੂੰ ਪੱਤਰਕਾਰਾਂ ਨੇ ਸਵਾਲ ਕੀਤਾ ਕਿ 45 ਦਿਨ ਦਾ ਇਹ ਵਕਫਾ ਅਕਾਲੀ ਦਲ ਦੀ ਕਮਜ਼ੋਰੀ ਦੀ ਨਿਸ਼ਾਨੀ ਨਹੀਂ ਹੈ? ਤਾਂ ਸੰਤ ਨੇ ਕਿਹਾ 'ਨਹੀਂ'। ਇਹ ਤਾਂ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਵਲੋਂ ਕੀਤੀ ਜਾ ਰਹੀ ਕੁਰਬਾਨੀ ਹੈ। ਅਤੇ ਸਿੱਖ ਸੰਗਤਾਂ ਫੈਸਲੇ ਦੀ ਉਡੀਕ ਕਰ ਰਹੀਆਂ ਹਨ। ਇਕ ਸੁਆਲ ਦੇ ਜਵਾਬ ਵਿਚ ਸੰਤ ਨੇ ਕਿਹਾ ਜੇਕਰ ਲੋੜ ਪਈ ਤਾਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਆਪਣੇ ਅਸਤੀਫੇ ਦੇਣਗੇ। ਉਸਨੇ ਦਾਅਵਾ ਕੀਤਾ ਕਿ ਵੱਖ ਵੱਖ ਅਹੁਦਿਆਂ ਉਤੇ ਸਥਾਪਤ ਕੋਈ ਇਕ ਹਜ਼ਾਰ ਸਿੱਖਾਂ ਨੇ ਆਪਣੇ ਅਸਤੀਫੇ ਪਹਿਲਾਂ ਹੀ ਉਹਨਾਂ ਕੋਲ ਜਮਾਂ ਕਰਾਏ ਹੋਏ ਹਨ ਅਤੇ ਸਮਾਂ ਆਉਣ ਤੇ ਇਸਦਾ ਪਤਾ ਲਗ ਜਾਏਗਾ। ਉਨ੍ਹਾਂ ਕਿਹਾ ਕਿ ਇਹ ਅਸਤੀਫਾ ਦੇਣ ਵਾਲਿਆਂ ਵਿਚ ਬਹੁਤ ਸਾਰੇ ਆਈ. ਏ. ਐਸ. ਅਤੇ ਆਈ. ਪੀ. ਐਸ, ਅਫਸਰ ਸ਼ਾਮਲ ਹਨ। ਉਸਨੇ ਕਿਹਾ 4 ਅਗਸਤ ਤੋਂ ਸ਼ੁਰੂ ਕੀਤੇ ਗਏ ਮੋਰਚੇ ਵਿਚ ਹੁਣ ਤੱਕ ਸੱਠ ਹਜ਼ਾਰ ਅਕਾਲੀ ਵਰਕਰਾਂ ਨੇ ਗ੍ਰਿਫਤਾਰੀਆਂ ਦਿੱਤੀਆਂ ਹਨ। ਲਗਭਗ 168 ਵਿਅਕਤੀ ਆਪਣੀਆਂ ਜਾਨਾਂ ਗੁਆ ਚੁੱਕੇ ਹਨ। ਸੰਤ ਨੇ ਕਿਹਾ ਜਿਸ ਢੰਗ ਨਾਲ ਸਰਕਾਰ ਨੇ ਸਿੱਖਾਂ ਨੂੰ ਦਿੱਲੀ ਜਾਣ ਤੋਂ ਰੋਕਿਆ ਹੈ ਉਸਤੋਂ ਲੱਗਦਾ ਹੈ ਜਿਵੇਂ ਸਰਕਾਰ ਸਿੱਖਾਂ ਨੂੰ ਇਸ ਦੇਸ ਦੇ ਬਰਾਬਰ ਦੇ ਸ਼ਹਿਰੀ ਨਹੀਂ ਸਮਝਦੀ।

ਜਦੋਂ ਸੰਤ ਨੂੰ ਰਾਤ ਵਾਲੀ ਮੀਟਿੰਗ ਵਿਚ ਪੈਦਾ ਡੈਡਲਾਕ ਬਾਰੇ ਪੁਛਿਆ ਗਿਆ ਤਾਂ ਸੰਤ ਨੇ ਕਿਹਾ "ਮਤਭੇਦ ਤਾਂ ਹੁੰਦੇ ਹੀ ਹਨ।"

ਉਸਨੇ ਕਿਹਾ ਉਸਨੂੰ ਇਹ ਅਧਿਕਾਰ ਦਿਤਾ ਗਿਆ ਹੈ ਕਿ ਉਹ ਅੰਤਮ ਤੌਰ ਤੇ ਜੋ ਮਰਜ਼ੀ ਫੈਸਲਾ ਕਰਨ।

ਸੰਤ ਨੇ ਕਿਹਾ ਜੇਕਰ ਪ੍ਰਧਾਨ ਮੰਤਰੀ ਚਾਹੁਣ ਤਾਂ ਉਹਨਾਂ ਨੂੰ ਮਿਲ ਸਕਦੇ ਹਨ ਅਤੇ ਉਹਨਾਂ ਦੇ ਇਸ ਕਦਮ ਦਾ ਸੁਆਗਤ ਕੀਤਾ ਜਾਵੇਗਾ।


ਤੁਹਾਡੀ ਹਰ ਕਿਸਮ ਦੀ ਛਪਵਾਈ ਦੀਆਂ ਲੋੜਾਂ ਇਕੋ ਥਾਂ ਤੋਂ ਪੂਰੀਆਂ ਹੋ ਸਕਦੀਆਂ ਹਨ

* ਬਿਜ਼ਨਿਸ ਕਾਰਡ * ਰਸੀਦ-ਬੁੱਕਾਂ
* ਵਿਆਹ ਸ਼ਾਦੀਆਂ ਦੇ ਕਾਰਡ
* ਮੈਗਜ਼ੀਨ * ਫਲਾਇਰ

ADAM BAKSH
Phone. 873-6125

For all your printing needs
Contact

MAIN PRINTING & GRAPHIC

4825, MAIN ST.
VANCOUVER, B.C.



TICKETS TO ANYWHERE
GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇਆਪਣੇ ਲਈ ਹਮੇਸ਼ਾ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

Phone: 324-3366

6612, MAIN ST. VANCOUVER, B.C.

MANOHAR LAL GABA

Get help in India at
NUR MAHAL Ph. 49
JALLANDHAR Ph. 74597
NEW DELHI Ph. 44165
JANDIALA



SONI & SONS
JEWELLERS

ORIENTAL GOLD AND SILVER JEWELLERY
REPAIRS
SPECIALIST IN EAST INDIAN JEWELLERY

NANUBHAI
Bus. 324-1012
Res. 327-0783
6538 MAIN STREET
(Entrance at back door)

VANCOUVER, B.C.
V5X 3G9

# ਏਸ਼ੀਆਡ ਮਹਿਮਾਨਾਂ ਨੂੰ ਖੁਸ਼ ਕਰਨ ਲਈ

# 5000 ਵੇਸਵਾਵਾਂ ਦਿੱਲੀ ਵਿਚ ਲਿਆਂਦੀਆਂ ਗਈਆਂ

## ਖਾਸ ਰਿਪੋਰਟ—ਮਨਜੀਤ ਸਿੰਘ ਰੱਤੂ

**ਨਵੀਂ ਦਿੱਲੀ** (ਸਟਾਫ ਰਿਪੋਰਟਰ)—ਏਸ਼ੀਆਈ ਖੇਡਾਂ ਦੌਰਾਨ ਭਾਰੀ ਗਿਣਤੀ ਵਿਚ ਭਾਰਤੀ ਦਰਸ਼ਕਾਂ ਤੇ ਵਿਦੇਸ਼ੀ ਸੈਲਾਨੀਆਂ ਦੇ ਆਉਣ ਨਾਲ ਜਿਥੇ ਹੋਟਲ ਤੇ ਗੈਸਟ ਹਾਊਸ ਮਾਲਕਾਂ ਦਾ ਦੀਵਾਲੀਆ ਨਿਕਲਿਆ ਹੈ ਉਥੇ ਇਸ ਨਾਲ ਜੁੜੇ 'ਕਾਲ ਗਰਲਜ਼ ਗਰੋਹ, ਅਧੀਨ ਕਰੋੜਾਂ ਰੁਪਏ ਦੇ ਵਾਰੇ ਨਿਆਰੇ ਹੋਏ।

ਇਸ ਧੰਦੇ ਵਿਚ ਸ਼ਾਮਲ ਲੋਕਾਂ ਨੇ ਏਸ਼ੀਆਈ ਤੇ ਉਲੰਪਿਕ ਖੇਡਾਂ ਦੌਰਾਨ ਵਿਦੇਸ਼ਾਂ ਦੀਆਂ ਚਰਚਿਤ ਸੈਕਸ ਰੰਗੀਨੀਆਂ ਨੂੰ ਮੁਖ ਰਖਦੇ ਹੋਏ ਅਨੁਮਾਣ ਤਿੰਨ ਕਰੋੜ ਰੁਪਏ ਦਾਅ ਤੇ ਲਾ ਦਿਤੇ ਸਨ, ਨਾ ਕੇਵਲ ਦਿੱਲੀ ਤੇ ਆਸਪਾਸ ਦੇ ਸ਼ਹਿਰਾਂ ਤੋਂ ਵੇਸ਼ਵਾਵਾਂ ਨੂੰ ਬੁਲਾਇਆ ਗਿਆ ਸੀ ਸਗੋਂ ਭਾਰੀ ਗਿਣਤੀ ਵਿਚ ਪੜੀਆਂ ਲਿਖੀਆਂ ਲੜਕੀਆਂ ਨੂੰ ਫਸਾਉਣ ਵਿਚ ਵੀ ਭਾਰੀ ਰਕਮ ਲਾਈ ਗਈ ਸੀ।

ਕਲਕੱਤਾ, ਮਿਦਨਪੁਰ, ਤ੍ਰਿਵੇਂਦਰਮ, ਕੋਚੀਨ, ਮਦਰਾਸ, ਬੰਗਲੌਰ ਅਤੇ ਬੰਬਈ ਦੇ ਅੱਡਿਆਂ ਤੋਂ ਭਾਰੀ ਧਨ ਪੇਸ਼ਗੀ ਦੇ ਕੇ ਲਗਪਗ ਪੰਜ ਹਜ਼ਾਰ ਵੇਸਵਾਵਾਂ ਨੂੰ ਦਿੱਲੀ ਲਿਆਂਦਾ ਗਿਆ ਸੀ। ਚੰਗੀ ਕਮਾਈ ਦੀ ਗਰਜ਼ ਨਾਲ ਇਨਾਂ ਨੂੰ ਅੰਗਰੇਜ਼ੀ ਬੋਲਚਾਲ ਤੇ ਗਾਉਣ ਵਜ਼ਾਉਣ ਦੀ ਟਰੇਨਿੰਗ ਵੀ ਦਿਤੀ ਗਈ ਸੀ। ਬੀਤੇ ਕਈ ਮਹੀਨੇ ਦੌਰਾਨ ਕਈ ਅੰਗਰੇਜ਼ੀ ਦੇ ਸੰਗੀਤ ਟੀਚਰਾਂ ਨੇ ਕਾਫੀ ਕਮਾਈ ਕੀਤੀ।

ਵਿਦੇਸ਼ੀ ਅਤੇ ਚੰਗੀ ਰਕਮ ਖਰਚਣ ਵਾਲੇ ਭਾਰਤੀਆਂ ਦੀ ਇੱਛਾ ਪੂਰਤੀ ਲਈ ਸਿੰਗਾਪੁਰ, ਜਾਪਾਨ ਤੇ ਥਾਈਲੈਂਡ ਤੋਂ ਵੀ ਵੇਸਵਾਵਾਂ ਨੂੰ ਲਿਆਂਦਾ ਗਿਆ ਸੀ ਜਾਨ-ਕਾਰ ਸੂਤਰਾਂ ਅਨੁਸਾਰ ਲਗਪਗ ਦੋ ਹਜ਼ਾਰ ਅਜਿਹੇ ਸ਼ਰੀਰ ਦੇ ਖਿਡਾਰੀ ਦਿੱਲੀ ਆਏ ਜਿਹਨਾਂ ਦਾ ਕੰਮ ਹੀ ਕੇਵਲ ਇਸ ਧੰਦੇ ਵਿਚ ਸ਼ਾਮਲ ਹੋਣਾ ਸੀ।

ਇਸ ਧੰਦੇ ਦੇ ਸੰਚਾਲਨ ਬਾਰੇ ਅਜਿਹਾ ਕੁਝ ਵੀ ਨਹੀਂ ਸੀ ਜੋ ਪੁਲਸ ਦੀਆਂ ਨਜ਼ਰਾਂ ਤੋਂ ਛੁਪਿਆ ਸੀ। ਸਗੋਂ ਸਾਰਾ ਕੁਝ ਪੁਲਸ ਦੀ ਗੰਢ ਤਰੁਪ ਤੇ ਦੇਖ ਰੇਖ ਵਿਚ ਹੀ ਹੋਇਆ। ਕਾਰਣ ਭਾਵੇਂ ਕੁਝ ਵੀ ਹੋਵੇ ਪਰ ਇਹ ਗੱਲ ਸੱਚ ਹੈ ਕਿ ਇਸ ਧੰਦੇ ਦੇ ਸੰਚਾਲਕਾਂ ਨੂੰ ਦਿੱਲੀ ਦੇ ਦੋ ਇੰਕਾ ਸੰਸਦ ਮੈਂਬਰਾਂ ਦੀ ਸੁਰੱਖਿਆ ਪ੍ਰਾਪਤ ਸੀ ਇਕ ਸੰਸਦ ਮੈਂਬਰ ਤੇ ਕੈਬਰੇ ਰੈਸਟੋਰੈਂਟਾਂ ਤੇ ਗੈਸਟ ਹਾਊਸ ਮਾਲਕਾਂ ਦੀ ਸੰਸਥਾ ਦੇ ਅਹੁਦੇਦਾਰ ਵੀ ਹਨ।

ਭਾਰੀ ਗਿਣਤੀ ਵਿਚ ਆਈਆਂ ਇਨਾਂ ਵੇਸਵਾਵਾਂ ਨੂੰ ਸੰਚਾਲਕਾਂ ਨੇ ਉਹਨਾਂ ਦੀ ਕੀਮਤ ਅਨੁਸਾਰ ਅਲਗ ਅਲਗ ਬਸਤੀਆਂ ਵਿਚ ਠਹਿਰਾਇਆ ਗਿਆ ਸੀ ਸਸਤੀਆਂ ਵੇਸਵਾਵਾ ਨੂੰ ਜੀ. ਬੀ. ਰੋਡ ਤੇ ਉਸ ਦੇ ਆਸ ਪਾਸ ਦੀਆਂ ਬਸਤੀਆਂ ਵਿਚ ਹੀ ਠਹਿਰਾਇਆ ਗਿਆ ਪਰ ਨਵੀਆਂ ਤੇ ਚੰਗੀ ਪੱਧਰ ਦੀਆਂ ਵੇਸਵਾਵਾਂ ਨੂੰ ਨਵੀਂ ਦਿੱਲੀ ਦੇ ਦਖਣੀ ਖੇਤਰ ਦੀਆਂ ਆਧੁਨਿਕ ਕਾਲੋਨੀਆਂ ਤੇ ਸਟੇਡੀਅਮਾਂ ਦੇ ਆਸ ਪਾਸ ਦੀਆਂ ਕਾਲੋਨੀਆਂ ਵਿਚ ਕਰਾਏ ਦੇ ਮਕਾਨ ਲੈ ਕੇ ਠਹਿਰਾਇਆ ਗਿਆ ਸੀ। ਇਸ ਦਾ ਹੀ ਨਤੀਜਾ ਸੀ ਕਿ ਇਹਨਾ ਕਲੋਨੀਆਂ ਵਿਚ ਖੇਡਾਂ ਤੋਂ ਪਹਿਲੇ ਮਕਾਨਾਂ ਦੇ ਕਰਾਏ ਅੰਬਰ ਨੂੰ ਛੂਹ ਰਹੇ ਸਨ। ਬਹੁਤ ਸਾਰੇ ਅਜਿਹੇ ਮਕਾਨਾਂ ਨੂੰ ਸੰਚਾਲਕਾਂ ਨੇ ਗੈਸਟ ਹਾਊਸਾਂ ਦੀ ਸ਼ਕਲ ਦੇ ਰੱਖੀ ਸੀ। ਇਸ ਤਰਾਂ ਗੈਸਟ ਹਾਊਸ ਖਾਸ ਤੌਰ ਤੇ ਜੰਗਪੁਰਾ ਐਕਸ-ਟੈਨਸ਼ਨ, ਗਰੇਟਰ ਕੈਲਾਸ਼, ਅਮਰ ਕਾਲੋਨੀ, ਡੀਫੈਂਸ ਕਾਲੋਨੀ, ਸਾਊਥ ਐਕਸਟੈਨਸ਼ਨ ਤੇ ਪੰਚਸ਼ੀਲ ਪਾਰਕ ਵਿਚ ਸਨ।

ਅਸਲ ਵਿਚ ਇਸ ਧੰਦੇ ਲਈ ਚੰਗੀ ਕਮਾਈ ਦੀ ਗਰਜ਼ ਨਾਲ ਅੱਡਿਆਂ ਦੇ ਰੂਪ ਵਿਚ ਗੈਸਟ ਹਾਊਸਾਂ ਨੂੰ ਹੀ ਚੁਣਿਆ ਗਿਆ ਸੀ। ਖੇਡਾਂ ਤੋਂ ਪਹਿਲੇ ਸਹੂਲਤ ਦੀ ਗਰਜ਼ ਨਾਲ ਗੈਸਟ ਹਾਊਸ ਰਜਿਸਟਰ ਕਰਾਉਣ ਦਾ ਲਾਭ ਉਠਾਉਂਦੇ ਹੋਏ ਪੂਰੀ ਦਿੱਲੀ ਵਿਚ ਤਿੰਨ ਹਜ਼ਾਰ ਨਵੀਂ ਰਜਿਸਟਰੇਸ਼ਨ ਹੋਈ। ਇਨਾਂ ਵਿਚੋਂ ਵਧੇਰੇ ਰਜਿਸਟਰੇਸ਼ਨ ਧੰਦੇ ਲਈ ਕਰਾਈ ਗਈ ਸੀ।

ਖੇਡ ਨਗਰ ਦੇ ਨੇੜੇ ਬਣੀ ਗਾਰਾਮੀਣ ਬਸਤੀ ਸ਼ਾਹਪੁਰ ਜੱਟ ਦੇ ਸਾਹਮਣੇ ਬਣੀ ਆਧੁਨਿਕ ਕਾਲੋਨੀ ਮੇਫੇਅਰ ਗਾਰਡਨ ਵਿਚ ਕਈ ਮਕਾਨ 20 ਤੋਂ 50 ਹਜ਼ਾਰ ਰੁਪਏ ਦੀ ਪਗੜੀ ਦੇ ਕੇ ਲਏ ਗਏ। ਖੇਡ ਸ਼ੁਰੂ ਹੋਣ ਤੋਂ ਪਹਿਲਾਂ ਇਨਾਂ ਅੱਡਿਆ ਦੇ ਸੰਚਾਲਕਾਂ ਨੇ ਇਸ ਇਲਾਕੇ ਵਿਚ ਦਲਾਲ ਛੱਡ ਰੱਖੇ ਸਨ। ਪਰ ਸਖਤ ਸੁਰਖਿਆ ਹੋਣ ਦੇ ਕਾਰਨ ਸੈਨਾਂ ਦੇ ਜਵਾਨਾਂ ਨੇ ਦੋ ਦਲਾਲਾਂ ਨੂੰ ਫੜ ਲਿਆ। ਇਸ ਤਰਾਂ ਖੇਡ ਨਗਰ ਤੋਂ ਗਾਹਕ ਲਿਆਉਣ ਦੀ ਯੋਜਨਾ ਅਸਫਲ ਹੋ ਗਈ। ਸ਼ਹਪੁਰ ਜੱਟ ਦੇ ਇਕ ਡੀ. ਡੀ. ਏ. ਫ਼ਲੈਟ ਵਿਚ ਤਾਂ ਗੈਸਟ ਹਾਊਸ ਸੰਚਾਲਕ ਤੇ ਦੋ ਵੇਸਵਾਵਾਂ ਵਿਚ ਝਗੜਾ ਹੋ ਗਿਆ ਸੰਚਾਲਕ ਮੰਦੇ ਦੇ ਕਾਰਣ ਬਿਨਾਂ ਪੂਰੇ ਪੈਸੇ ਦਿਤੇ ਦੋਹਾਂ ਵੇਸ਼ਵਾਵਾ ਨੂੰ ਫਸਾਉਣਾ ਚਾਹੁੰਦਾ ਸੀ।

ਰਾਜਧਾਨੀ ਦੇ ਫਾਈਵ ਸਟਾਰ, ਫੋਰ ਸਟਾਰ ਤੇ ਥਰੀ ਸਟਾਲ ਹੋਟਲ ਵੀ ਇਸ ਧੰਦੇ ਵਿਚ ਪਿਛੇ ਨਹੀਂ ਸਨ। ਉਨਾਂ ਨੇ ਵੀ ਇਨਾਂ ਸੰਚਾਲਕਾਂ ਦੁਆਰਾ ਬੁਕਿੰਗ ਕਰਾ ਰਖੀ ਸੀ। ਇਕ ਥਰੀ ਸਟਾਰ ਹੋਟਲ ਨੇ ਕਰੋਲਬਾਗ ਦੇ ਇਕ ਰੈਸਟੋਰੈਂਟ ਦੇ ਮਾਲਕ ਦੁਆਰਾ ਜਾਪਾਨੀ (ਗੀਸਾਵਾਂ) ਵੇਸਵਾਵਾਂ ਦੀ ਵੀ ਪ੍ਰਾਪਤੀ ਕੀਤੀ ਸੀ।

ਸਰਕਾਰੀ ਨਿਗਮ ਆਈ. ਟੀ. ਟੀ. ਸੀ. ਦੇ ਹੋਟਲਾਂ ਵਿਚ ਭਾਵੇਂ ਇਸ ਮਾਮਲੇ ਵਿਚ ਪ੍ਰਬੰਧਕਾਂ ਦਾ ਹੱਥ ਨਹੀਂ ਕਿਹਾ ਜਾ ਸਕਦਾ ਪਰ ਹੋਰ ਕਰਮਚਾਰੀ ਇਸ ਧੰਦੇ ਵਿਚ ਸ਼ਾਮਲ ਸਨ। ਇਸੇ ਨਿਗਮ ਦੁਆਰਾ ਸੰਚਾਲਤ ਜਨਪੇਥ ਹੋਟਲ ਤੋਂ ਦੋ ਕਾਲ ਗਰਲਜ਼ ਫੜੀਆਂ ਵੀ ਗਈਆਂ ਪਰ ਜਿਥੋਂ ਤਕ ਮੁਨਾਫੇ ਦਾ ਪ੍ਰਸ਼ਨ ਹੈ, ਕੁਲ ਮਿਲਾ ਕੇ ਕੁਝ ਕਾਲ ਗਰਲਜ਼ ਨੂੰ ਭਲੇ ਹੀ ਲਾਭ ਹੋ ਗਿਆ ਹੋਵੇ ਵਧੇਰੇ ਤਾਂ ਘਾਟੇ ਵਿਚ ਹੀ ਰਹੀਆਂ।

ਧੰਦੇ ਨਾਲ ਜੁੜੇ ਲੋਕਾਂ ਅਨੁਸਾਰ ਘਾਟੇ ਦਾ ਕਾਰਣ ਇਹ ਸੀ ਕਿ ਆਸ ਅਨੁਸਾਰ ਨਾ ਤਾਂ ਭਾਰਤੀਆਂ ਦਾ ਹੀ ਮੇਲਾ ਲਗਾ ਅਤੇ ਨਾ ਹੀ ਵਿਦੇਸ਼ੀ ਸੈਲਾਨੀ ਆਏ। ਸਗੋਂ ਪਹਾੜ ਗੰਜ ਖੇਤਰ ਦੇ ਜੋ ਗੈਸਟ ਹਾਊਸ ਵਿਦੇਸ਼ੀ ਸੈਲਾਨੀਆ ਨਾਲ ਭਰੇ ਰਹਿੰਦੇ ਸਨ ਉਹ ਖੇਡ ਦੇ ਮੌਕੇ ਖਾਲੀ ਰਹੇ। ਅੰਤਮ ਦਿਨਾਂ ਵਿਚ ਤਾਂ ਕਈ ਗੈਸਟ ਹਾਊਸਾਂ ਵਿਚ ਕਿਰਾਏ ਵੀ ਘਟਾ ਦਿਤੇ ਗਏ, ਫਿਰ ਵੀ ਨਵੇ ਗਾਹਕਾਂ ਦੀ ਥੁੜ ਰਹੀ।

ਮੌਨ ਇਸਤਰੀ ਦਾ ਭੂਸ਼ਨ ਹੁੰਦਾ ਹੈ।
—ਯੂਨਾਨੀ ਕਵੀ

ਸਿਹਤ ਪਿਆਰ ਨਾਲੋਂ ਵਧੇਰੇ ਮਹੱਤਵ ਪੂਰਣ ਹੁੰਦੀ ਹੈ। ਬਹੁਤ ਛੇਤੀ ਸ਼ਾਦੀ ਨਾ ਕਰਨੀ ਸੰਜਮ ਵਿਚ ਸਹਾਇਕ ਹੁੰਦੀ ਹੈ; ਕਿਉਂ ਜੋ ਬਹੁਤ ਛੇਤੀ ਵਿਆਹ ਕਰਨ ਵਾਲੀਆਂ ਇਸਤਰੀਆਂ ਬਦਚਲਨ ਹੋਣ ਦੀਆਂ ਸੰਭਾਵਨਾਵਾਂ ਰਖਦੀਆਂ ਹਨ ਤੇ ਮਰਦਾਂ ਦੀ ਹਾਲਤ ਵਿਚ ਸਰੀਰਿਕ ਢਾਂਚਾ ਅਵਿਕਸਤ ਰਹਿ ਜਾਂਦਾ ਹੈ, ਜੇ ਕਰ ਉਹ ਵਧਣ ਫੁਲਣ ਦੀ ਹਾਲਤ ਵਿਚ ਹੀ ਵਿਆਹ ਕਰ ਲੈਣ। —ਐਰਿਸਟੋਟਲ

## ਅੱਗ ਦੇ ਅਨਾਰ

ਮੈਨੇਜਰ- "ਮੈਂ ਚਾਹੁੰਦਾ ਹਾਂ ਕਿ ਸਾਡਾ ਸੰਦੇਸ਼ ਦੇਸ਼ ਦੀ ਹਰ ਵਿਆਹੁਤਾ ਔਰਤ ਪੜ੍ਹੇ।"
ਵਿਗਿਆਪਨ ਅਧਿਕਾਰੀ, "ਠੀਕ ਹੈ, ਸੰਦੇਸ਼ ਉਨ੍ਹਾਂ ਦੇ ਪਤੀਆਂ ਨੂੰ ਭੇਜ ਦੇਵਾਂਗੇ ਤੇ ਲਿਫ਼ਾਫ਼ੇ ਤੇ 'ਨਿਜੀ' ਲਿਖ ਦਿਆਂਗੇ।"

o

ਪਿਤਾ- ਰਮੇਸ਼, ਕਲ ਸ਼ਾਮ ਨੂੰ ਮੇਰੀ ਮੋਟਰ ਲੈ ਕੇ ਗਿਆ ਸੀ ?
ਰਮੇਸ਼- ਹਾਂ ਡੈਡੀ, ਤਿੰਨ ਚਾਰ ਦੋਸਤਾਂ ਨੂੰ ਘੁਮਾਣ ਲੈ ਗਿਆ ਸੀ।
ਪਿਤਾ- ਅੱਛਾ ਉਨ੍ਹਾਂ ਵਿਚੋਂ ਕਿਸੇ ਦੀ ਲਿਪਸ-ਟਿਕ ਕਾਰ ਵਿਚ ਰਹਿ ਗਈ ਹੈ।

o

ਗ੍ਰਾਹਕ- ਬੈਰਾ, ਇਹ ਚਾਹ ਠੰਡੀ ਕਿਉਂ ਹੈ ?'
ਬੈਰਾ- "ਸਾਬ, ਇਹ ਦਾਰਜਲਿੰਗ ਤੋਂ ਆਈ ਹੈ ਨਾ।

o

ਕਿਸੇ ਨੇ ਲੇਖਕ ਨੂੰ ਪੁਛਿਆ, "ਤੁਹਾਡੀਆਂ ਰਚਨਾਵਾਂ ਦੇ ਕਿੰਨੇ ਪਾਠਕ ਹਨ ?"
"ਕੇਵਲ ਇਕ।"
"ਉਹ ਕੌਣ ?"
"ਟਾਇਪਿਸਟ।"

o

ਰੋਗੀ (ਡਾਕਟਰ ਨੂੰ) : ਮੈਂ ਇਕ ਕੈਮਿਸਟ ਦੀ ਸਲਾਹ ਲਈ ਤਾਂ ਉਸਨੇ...
ਡਾਕਟਰ : ਕੈਮਿਸਟ ਠੀਕ ਸਲਾਹ ਨਹੀਂ ਦੇਂਦੇ- ਖੈਰ, ਕੀ ਸਲਾਹ ਦਿਤੀ ਉਸਨੇ ?
ਰੋਗੀ : ਕਿ ਤੁਹਾਨੂੰ ਦਿਖਾਵਾਂ।

o

ਮੋਹਨ- ਸਮਝ ਨਹੀਂ ਆਂਦਾ ਕਿ ਤੂੰ ਜੁੜਵਾਂ ਭੈਣਾਂ ਵਿਚੋਂ ਨੀਤਾ ਨੂੰ ਕਿਵੇਂ ਪਹਿਚਾਨ ਲੈਂਦਾ ਹੈ ?
ਸੋਹਨ- ਬਿਲਕੁਲ ਅਸਾਨ ਹੈ, ਅਸੀਂ ਜਦੋਂ ਵੀ ਮਿਲਦੇ ਹਾਂ, ਨੀਤਾ ਸ਼ਰਮਾ ਜਾਂਦੀ ਹੈ।

o

ਇਕ ਮਿੱਤਰ— ਮੇਰੀ ਪਤਨੀ ਆਪਣੇ ਆਪ ਗੱਲਾਂ ਕਰਦੀ ਹੈ।
ਦੂਸਰਾ— ਮੇਰੀ ਵੀ ਕਰਦੀ ਹੈ ਲੇਕਿਨ ਸੋਚਦੀ ਹੈ ਕਿ ਮੈਂ ਸੁਣ ਰਿਹਾ ਹਾਂ।

o

ਇਕ ਵਿਆਹੁਤਾ ਨੇ ਕਿਸੇ ਕੁਆਰੀ ਨੂੰ ਆਪਣੀ ਪ੍ਰੇਸ਼ਾਨੀ ਦਾ ਕਾਰਣ ਦਸਿਆ, "ਮੈਂ ਆਪਣੇ ਪਤੀ ਨੂੰ ਪਿਛਲੇ ਨੌਂ ਘੰਟਿਆਂ ਤੋਂ ਉਡੀਕ ਰਹੀਂ ਹਾਂ, ਕਿਧਰੇ ਉਨ੍ਹਾਂ ਦਾ ਪਤਾ ਹੀ ਨਹੀਂ।"
ਕੁੰਆਰੀ ਨੇ ਉੱਤਰ ਦਿਤਾ, "ਓਹ, ਇਹ ਤਾਂ ਮਾਮੂਲੀ ਗੱਲ ਏ ਮੈਂ ਤਾਂ ਪਿਛਲੇ ੨੫ ਸਾਲਾਂ ਤੋਂ ਲੱਭ ਰਹੀ ਹਾਂ।"
"ਬੈਰਾ, ਮੈਂ ਬਹੁਤ ਪੀ ਲਈ ਏ ਮੈਨੂੰ ਕੋਈ ਇਹੋ ਜਿਹੀ ਚੀਜ਼ ਲਿਆ ਕੇ ਦੇ ਜਿਸ ਨਾਲ ਮੈਂ ਹੋਸ਼ ਵਿਚ ਆ ਜਾਵਾਂ।"
"ਹਜ਼ੂਰ, ਇਹ ਲਉ ਆਪਣਾ ਬਿਲ।"


ਮੁਬਾਰਕ ਨਵਾਂ ਸਾਲ

ਪੰਜਾਬੀ ਤੇ ਅੰਗਰੇਜ਼ੀ ਦੀ ਟਾਈਪ—ਸੈਟਿੰਗ ਤੇ ਛਪਾਈ ਲਈ

ਏਸ਼ੀਆ ਬੁੱਕ ਕੰਪਨੀ

ਜਿਥੋਂ ਤੁਸੀਂ * ਪੁਸਤਕਾਂ * ਫ਼ਲਾਇਰ * ਕੈਟਾਲਾਗ * ਬਿਜ਼ਨਿਸ ਕਾਰਡ * ਵਿਆਹ ਸ਼ਾਦੀਆਂ ਦੇ ਕਾਰਡ ਸਸਤੇ ਭਾਅ ਟਾਈਪ ਸੈਟ ਤੇ ਛਪਵਾ ਸਕਦੇ ਹੋ।

Phone. (604) 324-6111

#1-219 E. 49th AVE.(at Main St.) VANCOUVER, B.C.

ਮੁਬਾਰਕ ਨਵਾਂ ਸਟੋਰ ਨਵਾਂ ਸਾਲ

ਸ਼ਕਤੀ ਵੀਡੀਓ ਐਂਡ ਸਟੀਰੀਓ

909-12th. Street, New Westminster

Phone: 522-9121

ਵੀਡੀਓ ਮੂਵੀਆਂ, ਵੀਡੀਓ ਮਸ਼ੀਨਾਂ, ਟੈਲੀਵਿਯਨ, ਕਸੇਟ, ਸਟੀਰੀਓ ਟੇਪਾਂ, ਪੈਨ ਘੜੀਆਂ, ਘੜੀਆਂ ਅਤੇ ਹੋਰ ਗਿਫਟ ਆਈਟਮਾਂ ਵਿਆਹ ਸ਼ਾਦੀਆਂ ਤੇ ਮੂਵੀਆਂ ਬਨਾਣ ਦਾ ਅਤੇ ਫੋਟੋਆਂ ਖਿੱਚਣ ਦਾ ਪੂਰਾ ਪ੍ਰਬੰਧ ਹੈ।

ਹੋਰ ਜਾਣਕਾਰੀ ਲਈ ਫੋਨ ਕਰੋ

ਰਾਜ ਝੰਡ

Brother of Kuldip S. Jhand 522-9121

Amin Ladha or Ashwani

# ਫਿ ਲ ਮੀ



'ਆਸਰਾ ਪਿਆਰ ਦਾ' ਦੀ ਨਾਇਕਾ ਪ੍ਰੀਤੀ ਸਪਰੂ

## ਫ਼ਿਲਮੀ ਪੋਸਟਰ

ਸ਼ਹਿਰ ਦੀ ਇਕ ਦੀਵਾਰ
ਫ਼ਿਲਮੀ ਪੋਸਟਰਾਂ ਦੀ ਭਰਮਾਰ
ਦੂਰੋਂ ਪੜ੍ਹਨ ਲੱਗੇ ਇਹ ਵਿਖਾਈ ਦਿੰਦਾ ਸੀ—
'ਮਾਂ ਬਾਪ'
ਬੇਟੀ ਬੇਟੇ
ਚਾਚਾ ਭਤੀਜਾ
ਮਾਮਾ ਭਾਣਜਾ
ਆਓ, ਪੂਰੇ ਪਰਿਵਾਰ ਨਾਲ ਆ ਕਿ ਵੇਖੋ
'ਲਾਵਾਰਿਸ'
ਇਤਫ਼ਾਕ ਦੀ ਗੱਲ
ਪੂਰੇ ਸ਼ਹਿਰ ਵਿਚ ਇਕੋ ਚਰਚਾ
ਇਹਨਾਂ ਫ਼ਿਲਮੀ ਪੋਸਟਰਾਂ ਨੇ ਜੀਣਾ
ਹਰਾਮ ਕਰ ਦਿਤਾ ਹੈ
ਲਾਲਾ ਪੇਟੂ ਮੱਲ ਦੀ ਦੁਕਾਨ ਤੇ
ਪੋਸਟਰ ਲੱਗਾ ਹੋਇਆ ਹੈ
'ਬੇ-ਈਮਾਨ'
'ਪੰਡਿਤ ਜੀ ਦੇ ਮਕਾਨ ਤੇ
'ਸਾਧੂ ਤੇ ਸ਼ੈਤਾਨ'
ਥਾਣੇ ਤੇ
'ਖ਼ੂਨ'
ਹਸਪਤਾਲ ਤੇ 'ਹਨੀਮੂਨ'
ਵਜ਼ੀਰ ਦੀ ਕੋਠੀ ਤੇ "ਗ਼ਵਾਰ"
ਜੇਲ੍ਹ-ਖਾਨੇ ਤੇ 'ਪੁਕਾਰ'
ਮੰਦਿਰ ਤੇ 'ਲੁੱਟ-ਮਾਰ'
ਸਕੂਲ ਤੇ 'ਗੁਪਤ ਗਿਆਨ'
ਕੋਠੇ ਤੇ 'ਕੰਨਿਆ ਦਾਨ'
ਯਤੀਮ-ਖਾਨੇ ਤੇ 'ਖਾਨਦਾਨ'
ਸ਼ਮਸ਼ਾਨ ਤੇ 'ਸੁਹਾਗ ਰਾਤ'
ਤੇ ਲਾਲ ਕਿਲੇ ਤੇ
'ਛੋਟੀ ਸੀ ਬਾਤ'
ਇਸ ਤਰ੍ਹਾਂ ਆਪਣੇ ਆਪ ਹੋ ਗਿਆ
ਸਾਰੀ ਸਭਿਅਤਾ ਦਾ ਸਤਿਆਨਾਸ
ਕੀ ਕਰੀਏ, ਕਿਵੇਂ ਕਰੀਏ
ਇਸ ਸ਼ਹਿਰ ਨੂੰ ਤਜ ਦਈਏ
ਜਾਂ ਆਪਣੀਆਂ ਅੱਖਾਂ ਫੋੜ ਲਈਏ ?

# ਹਰ ਇਕ ਦੇ ਵਸ ਨਹੀਂ

—ਹਰਭਜਨ ਸਿੰਘ ਬਾਜਵਾ—

ਬੜੀ ਦੇਰ ਪਿਛੋਂ ਇਕ ਪੰਜਾਬੀ ਫ਼ਿਲਮ 'ਆਸਰਾ ਪਿਆਰ ਦਾ' ਆ ਰਹੀ ਹੈ, ਜਿਸ ਵਿਚ ਲਤਾ ਮੰਗੇਸ਼ਕਰ ਨੇ ਦੋ ਗੀਤ ਗਾਏ ਹਨ. ਕਿਉਂਕਿ ਲਤਾ ਬਹੁਤ ਮਹਿੰਗੀ ਗਾਇਕਾ ਜਿਸ ਕਰਕੇ ਉਸ ਨੂੰ ਹਰ ਪੰਜਾਬੀ ਫ਼ਿਲਮ ਦਾ ਪ੍ਰੋਡੀਊਸਰ ਨਹੀਂ ਲੈ ਸਕਦਾ ਆਪਣੀ ਫ਼ਿਲਮ ਵਿਚ. ਇਹ ਹੌਂਸਲਾ ਜੇ. ਓਮ ਪ੍ਰਕਾਸ਼ ਨੇ ਹੀ ਕੀਤਾ ਅਤੇ ਆਪਣੀ ਫਿਲਮ'ਆਸਰਾ ਪਿਆਰ ਦਾ' ਵਿਚ ਲੱਤਾ ਕੋਲੋਂ ਪੰਜਾਬੀ ਗੀਤ ਗਵਾਏ ਹਨ. ਕਿਉਂਕਿ ਜੇ. ਓਮ ਪ੍ਰਕਾਸ਼ ਇਸ ਫ਼ਿਲਮ ਦੇ ਲੇਖਕ, ਡਾਇਰੈਕਟਰ ਤੇ ਪ੍ਰੋਡਿਊਸਰ ਹਨ. ਇਸ ਕਰ ਕੇ ਹੀ ਇਹ ਸਾਰਾ ਹੋਂਸਲਾ ਕਰ ਲਿਆ.

ਇਸ ਫ਼ਿਲਮ ਵਿਚ ਤਿੰਨ ਜੋੜੀਆਂ ਹਨ. ਰਾਜ ਬੱਬਰ ਤੇ ਪ੍ਰੀਤੀ ਸਪਰੂ ਦੀ ਦੂਜੀ ਜੋੜੀ ਨਵੀਨ ਨਿਸਚਲ ਤੇ ਕਿਰਣ ਠਾਕਰ ਦੀ ਹੈ ਤੀਸਰੀ ਮਖੌਲੀਆ ਜੋੜੀ ਮੇਹਰ ਮਿਤਲ ਤੇ ਕੰਚਨ ਮੱਟੂ ਦੀ ਹੈ. ਜਦੋਂ ਮੈਂ ਸ: ਭਾਗ ਸਿੰਘ ਨਾਲ ਇਸ ਫ਼ਿਲਮ ਦੀ ਸ਼ੂਟਿੰਗ ਵੇਖਣ ਵਾਸਤੇ ਕੁਰਾਲੀ ਗਿਆ ਤਾਂ ਸਭ ਤੋਂ ਪਹਿਲਾਂ ਮੈਨੂੰ ਲੋਕਾਂ ਦਾ ਇਕਠ ਵੇਖਣ ਵਾਸਤੇ ਮੇਹਰਮਿਤਲ ਤੇਕੰਚਨ ਮੱਟੂ ਦੇ ਦਵਾਲੇ ਹੀ ਮਿਲਿਆ. ਮੈਂ ਸੋਚਦਾ ਸੀ ਕਿ ਮੇਹਰ ਮਿਤਲ ਤਾਂ ਪੰਜਾਬ ਦਾ ਦਲੀਪ ਕੁਮਾਰ ਜਾਂ ਫੇਰ ਪੰਜਾਬ ਦਾ ਸੁਨੀਲ ਦੱਤ ਹੈ. ਕਿਉਂਕਿ ਮੇਹਰ ਮਿਤਲ ਇਕ ਇਸ ਤਰ੍ਹਾਂ ਦਾ ਫ਼ਿਲਮੀ ਕਲਾਕਾਰ ਹੋ ਗਿਆ ਹੈ. ਜਿਸ ਤੋਂ ਬਗੈਰ ਪੰਜਾਬੀ ਕੋਈ ਵੀ ਫ਼ਿਲਮ ਨਹੀਂ ਬਣ ਸਕਦੀ.

ਇਸ ਫਿਲਮ ਦੀ ਇਹੋ ਹੀ ਖ਼ੂਬੀ ਹੈ ਕਿ ਬਹੁਤ ਸਾਲਾਂ ਬਾਦ ਲਤਾ ਨੇ ਪੰਜਾਬੀ ਵਿਚ ਗੀਤ ਗਾਏ ਹਨ ਤੇ ਇਸ ਦੇ ਨਾਲ ਹੀ ਹਿੰਦੀ ਫ਼ਿਲਮ 'ਨਿਕਾਹ' ਦੀ ਹੀਰੋਇਣ ਸਲਮਾ ਅਗਾ ਨੇ ਗੀਤ ਗਾਏ ਹਨ. ਦੂਸਰੇ ਪਾਸੇ ਮਹਿੰਦਰ ਕਪੂਰ ਤੇ ਸੁਰੇਸ਼ ਵਾਡਕਰ ਨੇ ਗੀਤ ਗਾਏ ਹਨ. ਇਸ ਫ਼ਿਲਮ ਦੀ ਬਹੁਤੀ ਸ਼ੂਟਿੰਗ ਪੰਜਾਬ ਵਿਚ ਹੀ ਪੰਜਾਬ ਦੇ ਵਖ ਵਖ ਥਾਵਾਂ ਤੇ ਹੋ ਰਹੀ ਹੈ, ਕਿਉਂਕਿ ਜੇ. ਓਮ ਪ੍ਰਕਾਸ਼ ਇਕ ਸਿਆਣਾ ਰਾਈਟਰ ਹੈ ਤੇ ਸਮਝਦਾਰ ਡਾਇਰੈਕਟਰ ਹੈ. ਇਸ ਕਰਕੇ ਪ੍ਰੋਡੀਊਸਰ ਵੀ ਸਮਝਦਾਰ ਹੈ. ਕਿ ਮੇਰੀ ਫ਼ਿਲਮ ਨੂੰ ਕਿਸ ਤਰ੍ਹਾਂ ਬਹੁਤਾ ਫੈਦਾ ਹੋ ਸਕਦਾ ਹੈ. ਇਸ ਕਰਕੇ ਹੀ ਫ਼ਿਲਮ ਦਾ ਬਹੁਤਾ ਹਿਸਾ ਪੰਜਾਬ ਵਿਚ ਫਿਲਮਾਇਆ ਜਾਣਾ ਹੈ.

ਇਸ ਫ਼ਿਲਮ ਦਾ ਸੰਗੀਤ ਕਮਲ ਕਾਂਤ ਨੇ ਦਿਤਾ ਹੈ.ਕਾਂਤਜੀ ਨੇਪੰਜਾਬੀ ਧੁਨਾਂ ਬਹੁਤ ਚੰਗੀਆਂ ਤਿਆਰ ਕੀਤੀਆਂ ਹਨ. ਇਹ ਅ ਪਣਾ ਨਕਾਹੀ ਰੰਗ ਛਡੇਗੀ.

## ਚ ਲ ਦੇ ਚ ਲ ਦੇ

ਪਹਿਲਾਂ ਤਾਂ ਅਮਿਤਾਬ ਬਚਨ ਬੀਮਾਰੀ ਕਾਰਨ ਰੋਜ਼ ਅਖਬਾਰਾਂ ਅਤੇ ਲੋਕਾਂ ਵਿਚ ਮੁਖ ਚਰਚਾ ਬਣਿਆ ਰਿਹਾ ਆਹ ਫਿਰ ਏਸ਼ੀਆਡ ਵਿਚ ਵੀ ਅਮਿਤਾਬ ਦੀ ਬਹੁਤ ਚਰਚਾ ਹੁੰਦੀ ਇਕ ਬਦੇਸ਼ੀ ਪਤਰਕਾਰ ਨੇ ਇਕ ਭਾਰਤੀ ਪਤਰਕਾਰ ਨੂੰ ਪੁਛਿਆ ਕਿ ਇਹ ਅਮਿਤਾਬ ਸਾਹਿਬ ਕੌਣ ਹਨ ? ਤਾਂ ਭਾਰਤੀ ਪਤਰਕਾਰ ਨੇ ਦਸਿਆ ਕਿ ਇਹ ਸਾਡੇ ਸਭ ਤੋਂ ਲੋਕਪ੍ਰਿਅ ਸਟਾਰ ਹਨ.' ਬਦੇਸ਼ੀ ਪਤਰਕਾਰ ਨੇ ਕਿਹਾ "ਤਾਂ ਹੀ ਤਾਂ ਇਥੇ ਖੇਡ ਲੋਕਪ੍ਰਿਆ ਨਹੀਂ ਹਨ."

—0—

ਭਾਵੇਂ ਸਟੰਟ ਫਿਲਮਾਂ ਵਿਚ ਸਮਗਲਰਾਂ, ਡਾਕੂਆਂ ਆਦਿ ਨੂੰ ਅੰਤ ਕਾਨੂੰਨ ਦੇ ਸਿਕੰਜੇ ਵਿਚ ਫਸਿਆ ਵਿਖਾਇਆ ਜਾਂਦਾ ਹੈ. ਪਰ ਇਹ ਵਿਗੜੇ ਨੌਜਵਾਨਾਂ ਨੂੰ ਜੇਬ-ਤਰਾਸ਼ੀ, ਛੁਰੇਬਾਜ਼ੀ ਤੇ ਤਾਲਾ ਭੰਨਣ ਦੀ ਚੰਗੀ ਖਬੀ ਟਰੇਨਿੰਗ ਵੀ ਦਿੰਦੀਆਂ ਹਨ......ਰਾਜ ਕਮਲ



ਮਿਹਰ ਮਿਤਲ ਤੇ ਕੰਚਨ ਮੱਟੂ

★ ਪਰੀਕਸ਼ਤ ਸਾਹਨੀ [illegible] ਪਤਨੀ ਅਰੁਣਾ ਸਾਹਨੀ, [illegible] ਆਨੰਦ ਅਤੇ ਵਿਜੈ ਆਨੰਦ ਦੀ [illegible] ਹੈ, ਆਪਣੇ ਪਤੀ ਤੋਂ ਅਲਗ [illegible] ਹੈ

ਰਾਜ ਕਪੂਰ ਦੇ ਸਭ ਤੋਂ ਛੋਟੇ ਪੁਤਰ ਰਿਧੂ ਕਪੂਰ ਨੂੰ [illegible] ਸੀ. ਮਹਿਰਾ ਦੀ ਫਿਲਮ ਲਈ ਸਾਈਨ ਕੀਤਾ ਗਿਆ। ਇਸ ਫਿਲਮ ਦੇ ਨਿਰਦੇਸ਼ਕ ਰਾਜੀਵ ਮਹਿਰਾ ਸਨ।

HAPPY NEW YEAR
GURMINDER DEOL

THINKING OF SELLING ?

Please call me for free evaluation

277-2200
DEOL REALTY

ਜਗਜੀਤ ਸਿੰਘ ਸਿੱਧੂ, ਦਲਜੀਤ ਸਿੰਘ ਸਿੱਧੂ ਤੇ ਹਰਦੇਵ ਗਿੱਲ ਵਲੋਂ
ਸਭ ਦੋਸਤਾਂ, ਸਹਿਯੋਗੀਆਂ ਨੂੰ
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ ਲੱਖ ਲੱਖ ਵਧਾਈ ਹੋਵੇ
ਤੇ
ਨਵਾਂ ਸਾਲ ਖੁਸ਼ੀਆਂ ਭਰਿਆ ਚੜ੍ਹੇ

# "ਜੇਕਰ ਤੁਹਾਡਾ ਕੰਮ, ਕਾਰ ਤੇ ਨਿਰਭਰ ਕਰਦਾ ਹੈ — ਤਾਂ ਤੁਸੀਂ ਇਸ ਤੇ ਨਿਰਭਰ ਕਰ ਸਕਦੇ ਹੋ !"

## ਆਟੋਪਲਾਨ ਦੀ ਨਵੀਂ ਗੱਲ



ਹਰਦੇਵ ਗਿੱਲ

......ਐਕਸੀਡੈਂਟ ਵਿਚ ਬੇਸ਼ੱਕ ਤੁਹਾਡਾ ਕਸੂਰ ਹੋਵੇ—ਪਰ ਜੇ ਤੁਸੀਂ ਕਾਰ ਰੀਪੇਅਰ ਕਰਨੀ ਦਿਤੀ ਹੈ ਤਾਂ ਆਟੋਪਲਾਨ ਦੀ ਇਹ ਧਾਰਾ ਅਨੁਸਾਰ ਤੁਹਾਡੀ ਰੈਂਟਲ ਕਾਰ, ਟੈਕਸੀ ਜਾਂ ਹੋਰ ਸਵਾਰੀ ਦਾ ਖਰਚ ਇਹ ਪਲਾਨ ਪੂਰਾ ਕਰੇਗੀ । ਥੋੜ੍ਹੇ ਖਰਚ ਨਾਲ, ਤੁਸੀਂ ਬਹੁਤੀ ਬਚਤ ਕਰ ਸਕਦੇ ਹੋ ।

ਆਟੋਪਲਾਨ ਦੀ
"ਅੰਡਰ ਇੰਨਸ਼ਓਰਡ ਮੋਟਰਸਿਟ"
ਪਰੋਕੈਸ਼ਨ

ਫੈਸਲੇ ਲੱਖਾਂ ਤੱਕ ਪਹੁੰਚ ਸਕਦੇ ਹਨ ? ਹਾਂ ਜੀ, ਇੰਞ ਵੀ ਹੁੰਦਾ ਹੈ । ਇਹ ਹੀ ਕਾਰਨ ਹੈ ਕਿ ਤੁਹਾਨੂੰ ਇਸ ਜ਼ਰੂਰੀ ਢੰਗ ਦੀ ਵਰਤੋਂ ਕਰਨੀ ਚਾਹੀਦੀ ਹੈ।



ਦਲਜੀਤ ਸਿੱਧੂ

ਇਕ ਸਾਲ ਵਿਚ ਕੇਵਲ 12 ਡਾਲਰ ਦੇ ਕੇ, ਤੁਸੀਂ ਵੱਧ ਤੋਂ ਵੱਧ ਹੋਏ ਮਾਲੀ ਨੁਕਸਾਨ ਦਾ ਬਚਾਅ ਕਰ ਸਕਦੇ ਹੋ—ਤੁਸੀਂ ਬੇਸ਼ੱਕ ਕੈਨੇਡਾ 'ਚ ਹੋ ਜਾਂ ਅਮਰੀਕਾ 'ਚ ਜਾਂਦੇ ਹੋ ।

ਆਓ ਇਸ ਇੰਨਸ਼ੋਰੈਂਸ ਦਾ ਬਹੁਤ ਵੱਡਾ ਲਾਭ ਹੈ —ਅੱਜ ਹੀ ਗੱਲ ਕਰੋ— ਜਲਦੀ ਤੋਂ ਜਲਦੀ ਇਸ ਦਾ ਲਾਭ ਉਠਾਓ

*ਅੰਡਰ ਇੰਨਸ਼ਓਰਡ ਮੋਟਰਸਿਟ ਪਰੋਟੈਕਸ਼ਨ ਉਸ ਕਿਸੇ ਵੀ ਹੱਦ ਵਿਚ ਲਾਗੂ ਨਹੀਂ ਹੁੰਦੀ ਜਿਥੇ ਰੀਕਵਰੀ ਦਾ ਹੱਕ ਕਾਨੂੰਨਨ ਬੰਦ ਹੈ ।

ਇੰਨਸ਼ੋਰੈਂਸ ਬਾਰੇ ਤੱਥ ਜਾਣੋ—ਆਪਣੇ ਏਜੰਟ
**ਦਲਜੀਤ ਸਿੱਧੂ ਨਾਲ ਸੰਪਰਕ ਕਰੋ**

ਘਰਾਂ, ਕਾਰਾਂ ਜਾਂ ਵਪਾਰ ਬਾਰੇ ਇੰਨਸ਼ੋਰੈਂਸ ਲਈ ਹਮੇਸ਼ਾ ਯਾਦ ਕਰੋ

**S & S INSURANCE SERVICES**
**6679, Main St.(2nd Floor) At 51st. Ave.**
**VANCOUVER, B.C.**
**PHONE:324-2311**

Autoplan